# ਅੰਤਿਕਾ 1

## ਅਧਿਐਨ ਦੇ ਪ੍ਰਸ਼ਨਾਂ ਦੇ ਉੱਤਰ

### ਕੀ ਸਰਵਸ਼ਕਤੀਮਾਨ ਪ੍ਰਮੇਸ਼ਵਰ ਹੈ?

*(ਇਸ ਦੇ ਪ੍ਰਸ਼ਨ ਅਧਿਆਇ 1 ਵਿਚ ਦਿੱਤੇ ਗਏ ਹਨ)*

1. ਸਭ ਤੋਂ ਵਿਚਾਰਨ ਯੋਗ ਸਵਾਲ ਜੋ ਪੁੱਛਿਆ ਜਾ ਸਕਦਾ ਹੈ, ਉਹ ਇਹ ਹੈ ਕਿ ''ਕੀ ਸਰਵਸ਼ਕਤੀਮਾਨ ਪ੍ਰਮੇਸ਼ਵਰ ਹੈ?''
2. ''ਕੀ ਪ੍ਰਮੇਸ਼ਵਰ ਹੈ?'' ਦਾ ਸਵਾਲ ਬੜਾ ਵਿਚਾਰਨਯੋਗ ਹੈ ਕਿਉਂਕਿ ਇਸ ਸਵਾਲ ਦੇ ਜਵਾਬ ਨਾਲ ਜ਼ਿੰਦਗੀ ਬਾਰੇ ਸਾਡੇ ਹੋਰ ਸਵਾਲ ਪ੍ਰਭਾਵਿਤ ਹੋਣਗੇ।
3. ਬਾਈਬਲ ਪ੍ਰਮੇਸ਼ਵਰ ਦੀ ਤਸਦੀਕ ਨਾਲ ਸ਼ੁਰੂ ਹੁੰਦੀ ਹੈ।
4. ਪਹਿਲਾ ਸਬੂਤ ਜੋ ਸਾਨੂੰ ਪ੍ਰਮੇਸ਼ਵਰ ਵਿਚ ਵਿਸ਼ਵਾਸ ਕਰਨ ਲਈ ਮਜਬੂਰ ਕਰਦਾ ਹੈ, ਸੰਸਾਰ ਦਾ ਸਬੂਤ ਹੈ। ਸ੍ਰਿਸ਼ਟੀ ਬੜੇ ਭਾਵ ਭਰੇ ਢੰਗ ਨਾਲ ਪ੍ਰਮੇਸ਼ਵਰ ਦੀ ਹੋਂਦ ਦਾ ਐਲਾਨ ਕਰਦੀ ਹੈ।
5. ਜੇ ਮਨੁੱਖ ਦੇ ਵਜੂਦ ਵਿਚ ਪ੍ਰਮੇਸ਼ਵਰ ਦੀ ਖੂਬੀ ਨਹੀਂ ਹੈ, ਤਾਂ ਅਸੀਂ (1) ਜੀਵਨ ਦੇ ਸਰੋਤ, (2) ਕੁਦਰਤ ਦੇ ਨਿਯਮ ਦੇ ਹੋਣ ਅਤੇ (3) ਪਰਿਵਾਰ ਦੇ ਹੋਣ ਦਾ ਕਾਰਣ ਨਹੀਂ ਦੱਸ ਸਕਦੇ।

### ਬਾਈਬਲ ਪ੍ਰਮੇਸ਼ਵਰ ਦਾ ਵਚਨ

*(ਇਸ ਦੇ ਪ੍ਰਸ਼ਨ ਅਧਿਆਇ 2 ਵਿਚ ਦਿੱਤੇ ਗਏ ਹਨ)*

1. ਯੂਨਾਨੀ ਵਾਕਾਂਸ਼ ਦੇ ਅਨੁਵਾਦ ''ਪ੍ਰਮੇਸ਼ਵਰ ਦੇ ਆਤਮਾ ਤੋਂ'' ਦਾ ਮੂਲ ਅਰਥ ''ਪ੍ਰਮੇਸ਼ਵਰ ਦੇ ਸਾਹ ਤੋਂ'' ਹੈ। ਜੋਸ਼ ਭਰੇ ਸੰਸਾਰਿਕ ਲੇਖਕਾਂ ਨੂੰ ''ਪ੍ਰੇਰਣਾ'' ਨਾਲ ਲਿਖਣ ਵਾਲੇ ਕਿਹਾ ਜਾਂਦਾ ਹੈ, ਪਰ ਬਾਈਬਲ ਦਾਅਵਾ ਕਰਦੀ ਹੈ ਕਿ ਇਹਦੀ ਪ੍ਰੇਰਣਾ ਖੁਦ ਪ੍ਰਮੇਸ਼ਵਰ ਨੇ ਦਿੱਤੀ ਹੈ।
2. ਬਾਈਬਲ ਨੂੰ ਖ਼ਤਮ ਕਰਨ ਦੀ ਆਪਣੀ ਕੋਸ਼ਿਸ਼ ਵਿਚ ਡਿਓਕਲੇਸ਼ਿਅਨ ਨਾਕਾਮ ਰਿਹਾ। ਅਸਲ 'ਚ, ਸੌ ਸਾਲਾਂ ਬਾਅਦ ਹੀ, ਜਦ ਇਕ ਹੋਰ ਰੋਮੀ ਸਮਰਾਟ ਨੇ ਇਹ ਐਲਾਨ ਕੀਤਾ ਕਿ ਉਹ ਨਵੇਂ ਨੇਮ ਨੂੰ ਫੇਰ ਤੋਂ ਤਿਆਰ ਕਰਨਾ ਚਾਹੁੰਦਾ ਹੈ, ਤਾਂ ਚੌਵ੍ਹੀ ਘੰਟਿਆਂ ਦੇ ਅੰਦਰ-ਅੰਦਰ ਉਹਦੇ ਸਾਹਮਣੇ ਬਾਈਬਲ ਦੀਆਂ ਪੰਜਾਹ ਨਕਲਾਂ ਪੇਸ਼ ਕਰ ਦਿੱਤੀਆਂ ਗਈਆਂ।
3. ਉਸ ਸਮੇਂ ਜਦ ਸਿਹਤ ਵਿਗਿਆਨ ਜਾਂ ਸਿਹਤ ਨਾਲ ਜੁੜੀਆਂ ਗੱਲਾਂ ਬਾਰੇ ਮਨੁੱਖ ਕੁਝ ਵੀ ਨਹੀਂ ਜਾਣਦਾ ਸੀ, ਲਿਖੀਆਂ ਗਈਆਂ ਮੂਸਾ ਦੀਆਂ ਕਿਤਾਬਾਂ ਆਧੁਨਿਕ ਧਾਰਨਾਵਾਂ ਨੂੰ ਵਿਖਾਉਂਦੀਆਂ ਹਨ। ਵਿਗਿਆਨਕਾਂ ਵੱਲੋਂ ਜੀਵਾਣੂਆਂ ਦੀ ਖੋਜ ਤੋਂ ਤਿੰਨ ਹਜ਼ਾਰ ਸਾਲ ਪਹਿਲਾਂ ਲਿਖੀ ਜਾਣ ਦੇ ਬਾਵਜੂਦ ਲੇਵੀਆਂ ਦੀ ਪੋਥੀ 13:45 ਬੀਮਾਰੀ ਨੂੰ ਫੈਲਣ ਤੋਂ ਰੋਕਣ ਲਈ ਮਦਦ ਲਈ ਹਦਾਇਤ ਦਿੰਦੀ ਹੈ।
4. ਬਾਈਬਲ ਸਾਹਿਤ ਦੇ ਗਿਆਤ ਹਰ ਵਿਸ਼ੇ ਨੂੰ ਤਾਂ ਸ਼ਾਮਲ ਕਰਦੀ ਹੈ ਹੀ ਅਤੇ ਚਾਲੀ ਤੋਂ ਵੱਧ ਲੇਖਕਾਂ ਰਾਹੀਂ ਦੋ ਹਜ਼ਾਰ ਸਾਲ ਤੋਂ ਵੱਧ ਦੇ ਸਮੇਂ ਵਿਚ ਲਿਖੀ ਗਈ, ਇਹ ਸੰਪੂਰਣ

ਇਕਮੁੱਠਤਾ ਵੀ ਵਿਖਾਉਂਦੀ ਹੈ।

5. ਬਾਈਬਲ ਦਾ ਵਿਸ਼ਾ-ਵਸਤੂ, ਇਕ ਮਨੁੱਖ, ਯਿਸੂ ਮਸੀਹ ਦੀ ਕਹਾਣੀ ਹੈ।
6. ਬਾਈਬਲ ਨੇ ਇਨਸਾਨ ਨੂੰ ਕਿਸੇ ਵੀ ਹੋਰ ਕਿਤਾਬ ਨਾਲੋਂ ਵੱਧ ਪ੍ਰਭਾਵਤ ਕੀਤਾ ਹੈ। ਇਸ ਨੇ ਇਤਿਹਾਸ ਦੇ ਵਹਾਅ ਨੂੰ ਬਦਲ ਦਿੱਤਾ, ਹਕੂਮਤਾਂ ਕਾਇਮ ਕੀਤੀਆਂ ਅਤੇ ਜਿਨ੍ਹਾਂ ਨੇ ਇਸ ਦੇ ਉਦੇਸ਼ਾਂ ਨੂੰ ਮੰਨਿਆ ਉਨ੍ਹਾਂ ਨੂੰ ਬਰਕਤਾਂ ਅਤੇ ਕਾਮਯਾਬੀ ਦਿੱਤੀ ਹੈ।
7. ਬਾਈਬਲ ਪਾਠਕ ਨੂੰ ਉਹਦੇ ਆਪਣੇ ਅਨੰਤਕਾਲ ਲਈ ਆਸ ਅਤੇ ਭਰੋਸਾ ਦਿੰਦੀ ਹੈ, ਅਤੇ ਕਿਸੇ ਆਪਣੇ ਨੂੰ ਖੁੱਸ ਜਾਣ ਤੇ ਇਹ ਉਹਦੇ ਲਈ ਤਸੱਲੀ ਲੈ ਕੇ ਆਉਂਦੀ ਹੈ।
8. ਪ੍ਰਮੇਸ਼ਵਰ ਦੇ ਵਚਨ ਪੁਰਾਤਨਤਾ, ਆਧੁਨਿਕਤਾ, ਵੰਨਸੁਵੰਨਤਾ, ਏਕਤਾ, ਵਿਸ਼ਾ, ਪ੍ਰਭਾਵ ਅਤੇ ਤਸੱਲੀ ਦੇ ਅਜੂਬੇ ਹਨ।

## ਪ੍ਰਮੇਸ਼ਵਰ ਪਿਤਾ ਕੌਣ ਹੈ?

*(ਇਸ ਦੇ ਪ੍ਰਸ਼ਨ ਅਧਿਆਇ 3 ਵਿਚ ਦਿੱਤੇ ਗਏ ਹਨ)*

1. ਇੱਕੋ ਹੀ ਸੱਚਾ ਅਤੇ ਜੀਉਂਦਾ ਪ੍ਰਮੇਸ਼ਵਰ ਹੈ। ਉਹਨੇ ਸੰਸਾਰ ਨੂੰ ਬਣਾਇਆ ਅਤੇ ਸਿਰਫ਼ ਉਹੀ ਅਨਾਦੀ, ਸਰਵ ਸ਼ਕਤੀਮਾਨ, ਸਰਵ ਗਿਆਨੀ ਅਤੇ ਹਰ ਜਗ੍ਹਾ ਮੌਜੂਦ ਹੈ।
2. ਪੁਰਾਣੇ ਨੇਮ ਦੀ ਖ਼ੁਦਾਈ ਦੀ ਧਾਰਨਾ ਉਤਪਤ 1:26, ਉਤਪਤ 3:22, ਉਤਪਤ 11:7 ਅਤੇ ਯਸਾਯਾਹ 6:8 ਵਿਚ ਵੇਖੀ ਜਾ ਸਕਦੀ ਹੈ।
3. ਯਿਸੂ ਦੇ ਬਪਤਿਸਮਾ, ਮਨੁੱਖ ਦੇ ਛੁਟਕਾਰੇ ਦੇ ਕੰਮ, ਪ੍ਰਾਰਥਨਾ ਤੋਂ ਪ੍ਰਭੂ ਦੀ ਆਗਿਆ ਵਾਲੇ ਬਪਤਿਸਮੇ ਵਿਚ ਪਿਤਾ, ਪੁੱਤਰ ਅਤੇ ਪਿਤਾ ਦੇ ਮਿਲ ਕੇ ਕੰਮ ਕਰਨ ਦੇ ਨਮੂਨੇ ਦਾ ਪਤਾ ਲਗਦਾ ਹੈ।
4. ਮਨੁੱਖ ਲਈ ਪ੍ਰਮੇਸ਼ਵਰ ਕੋਲ ਆਉਣ ਦਾ ਇੱਕੋ ਇਕ ਰਾਹ ਯਿਸੂ ਮਸੀਹ ਦੇ ਰਾਹੀਂ ਆਉਣਾ ਹੀ ਹੈ। ਸਿਰਫ਼ ਉਹੀ ਪ੍ਰਮੇਸ਼ਵਰ ਅਤੇ ਮਨੁੱਖਾਂ ਵਿਚਕਾਰ ਭਰੋਸੇਯੋਗ ਵਿਚੋਲਾ ਹੈ।
5. ਯੂਹੰਨਾ 14:6 ਅਤੇ 1 ਤਿਮੋਥਿਉਸ 2:5 ਤੋਂ ਪਤਾ ਲਗਦਾ ਹੈ ਕਿ ਪ੍ਰਮੇਸ਼ਵਰ ਕੋਲ ਫ਼ਰਿਸ਼ਤਿਆਂ, ਸੰਤਾਂ, ਜਾਂ ਹੋਰ ਲੋਕਾਂ (ਮਰੇ ਹੋਣ ਜਾਂ ਜੀਉਂਦੇ) ਰਾਹੀਂ ਨਹੀਂ ਪਹੁੰਚਿਆ ਜਾ ਸਕਦਾ। ਪਿਤਾ ਤਕ ਜਾਣ ਲਈ ਰਾਹ ਸਿਰਫ਼ ਯਿਸੂ ਮਸੀਹ ਹੀ ਹੈ।
6. ਯਿਸੂ ਨੂੰ ਮਨੁੱਖ ਜਾਤੀ ਨਾਲ ਉਹਦੇ ਸਬੰਧ ਨੂੰ ਵਿਖਾਉਣ ਲਈ ''ਮਨੁੱਖ ਦਾ ਪੁੱਤਰ'' ਕਿਹਾ ਜਾਂਦਾ ਹੈ; ਅਤੇ ਪ੍ਰਮੇਸ਼ਵਰ ਨਾਲ ਉਹਦੇ ਸਬੰਧ ਵਿਚ, ਉਹਨੂੰ ''ਪ੍ਰਮੇਸ਼ਵਰ ਦਾ ਪੁੱਤਰ'' ਕਿਹਾ ਜਾਂਦਾ ਹੈ।
7. ਪ੍ਰਮੇਸ਼ਵਰ ਬਾਰੇ ਬਾਈਬਲ ਵਿਚ ਦੱਸੀਆਂ ਗਈਆਂ ਕੁਝ ਗੱਲਾਂ ਇਹ ਹਨ: (1) ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦਾ ਵਜੂਦ ਹੈ। (2) ਇਨ੍ਹਾਂ ਤਿੰਨਾਂ ਨਾਲ ਇਕ ਜਲਾਲੀ ਖ਼ੁਦਾਈ ਬਣਦੀ ਹੈ। (3) ਉਹ ਇਕੱਠੇ ਹਨ ਅਤੇ ਇਕ ਹੋ ਕੇ ਵਜੂਦ ਵਿਚ ਹਨ। (4) ਉਹ ਅਨਾਦੀ, ਵਿਲੱਖਣ ਅਤੇ ਸਭ ਸਿਰਜੀਆਂ ਗਈਆਂ ਵਸਤਾਂ ਨਾਲੋਂ ਫ਼ਰਕ ਹਨ। (5) ਉਨ੍ਹਾਂ ਦੀਆਂ ਇੱਛਾਵਾਂ ਅਤੇ ਉਦੇਸ਼ ਇੱਕੋ ਹਨ।
8. ਇਹ ਸੱਚਾਈਆਂ ਇਸ ਤੱਥ ਤੇ ਟਿਕੀਆਂ ਹੋਈਆਂ ਹਨ ਕਿ ਪ੍ਰਮੇਸ਼ਵਰ ਨੇ ਸਭ ਵਸਤੂਆਂ ਦੀ ਰਚਨਾ ਕੀਤੀ: (1) ਸਭ ਯਥਾਰਥਾਂ ਦੇ ਪਿੱਛੇ ਉਹੀ ਹੈ। (2) ਉਹ ਅਨਾਦੀ ਹੈ। (3) ਉਹ ਸਵਰਸ਼ਕਤੀਮਾਨ ਹੈ। (4) ਉਹ ਸਭ ਕੁਝ ਜਾਣਦਾ ਹੈ। (5) ਉਹ ਹਰ ਥਾਂ ਮੌਜੂਦ ਹੈ। (6) ਉਹੀ ਸੱਚਾ ਅਤੇ ਜੀਉਂਦਾ ਪ੍ਰਮੇਸ਼ਵਰ ਹੈ।
9. ਕੁਲੁੱਸੀਆਂ 1:16, 17 ਵਿਚ ਸਾਨੂੰ ਦੱਸਿਆ ਗਿਆ ਹੈ ਕਿ ਸਭ ਵਸਤੂਆਂ ਨੂੰ ਇਕੱਠਾ ਰੱਖ ਕੇ, ਪ੍ਰਮੇਸ਼ਵਰ ਸੰਸਾਰ ਵਿਚ ਲਗਾਤਾਰ ਕੰਮ ਕਰਦਾ ਹੈ। ਤਰਕ ਅਤੇ ਪਰਖ ਤੋਂ ਵੀ ਪਤਾ

ਲਗਦਾ ਹੈ ਕਿ ਇਕ ਸਰਵਸ਼ਕਤੀਮਾਨ ਹੱਥ ਧਰਤੀ ਨੂੰ ਕੁਦਰਤੀ ਨਿਯਮਾਂ ਨਾਲ ਸੰਭਾਲੀ ਰੱਖਦਾ ਹੈ। ਉਹ ਧਰਤੀ ਅਤੇ ਇਹਦੇ ਲੋਕਾਂ ਨੂੰ ਲਗਾਤਾਰ ਹਵਾ, ਪਾਣੀ ਅਤੇ ਸੂਰਜ ਦੀ ਰੌਸ਼ਨੀ ਦਿੰਦਾ ਹੈ।

10. ਯਿਸੂ ਮਸੀਹ ਦੇ ਰਾਹੀਂ ਪ੍ਰਮੇਸ਼ਵਰ ਦਾ ਸੱਚਾ ਨਿਆਂ ਨਿੱਜੀ, ਸਪਸ਼ਟ ਅਤੇ ਪੂਰੀ ਦੁਨੀਆਂ ਵਿਚ ਹੋਵੇਗਾ।

## ਯਿਸੂ ਪ੍ਰਮੇਸ਼ਵਰ ਦਾ ਪੁੱਤਰ

*(ਇਸ ਦੇ ਪ੍ਰਸ਼ਨ ਅਧਿਆਇ 4 ਵਿਚ ਦਿੱਤੇ ਗਏ ਹਨ)*

1. ਮਸੀਹੀਅਤ ਦਾ ਸਾਰ ਇਹ ਸੱਚਿਆਈ ਹੈ ਕਿ ਯਿਸੂ ਮਸੀਹ ਪ੍ਰਮੇਸ਼ਵਰ ਦਾ ਪੁੱਤਰ ਹੈ।
2. ਯਿਸੂ ਦੇ ਜਨਮ ਦੀ ਭਵਿੱਖਬਾਣੀ ਕੀਤੀ ਗਈ ਸੀ ਜਿਸ ਵਿਚ ਉਹਦੀ ਵੰਸ਼ਾਵਲੀ ਦੀਆਂ ਕੁਝ ਸਪਸ਼ਟ ਗੱਲਾਂ ਸ਼ਾਮਲ ਹਨ। ਉਹਦੇ ਜਨਮ ਸਥਾਨ ਅਤੇ ਢੰਗ ਦੀ ਭਵਿੱਖਬਾਣੀ ਕੀਤੀ ਗਈ ਸੀ। ਨਬੀਆਂ ਨੇ ਉਹਦੇ ਮਿਸਰ ਵਿਚ ਜਾਣ ਅਤੇ ਉਹਦੇ ਜਨਮ ਸਮੇਂ ਕਤਲੇ ਆਮ ਦੀ ਪਹਿਲਾਂ ਤੋਂ ਜਾਣਕਾਰੀ ਦਿੱਤੀ ਸੀ। ਨਬੀਆਂ ਨੇ ਗਲੀਲ ਵਿਚ ਉਹਦੇ ਜੀਵਨ, ਯਰੂਸ਼ਲਮ ਵਿਚ ਉਹਦੇ ਫ਼ਤਿਹਮੰਦ ਦਾਖਲੇ, ਉਹਦੇ ਆਉਣ ਦੀ ਖ਼ਬਰ ਦੇਣ ਵਾਲਿਆਂ ਅਤੇ ਉਹਦੇ ਕੰਮਾਂ ਬਾਰੇ ਦੱਸਿਆ। ਉਹਦੀ ਸੇਵਕਾਈ, ਦ੍ਰਿਸ਼ਟਾਂਤਾਂ ਵਿਚ ਉਹਦੀ ਸਿੱਖਿਆ, ਗੈਰ ਕੌਮਾਂ ਵਿਚ ਉਹਦਾ ਕੰਮ, ਅਤੇ ਯਹੂਦੀ ਹਾਕਮਾਂ ਵੱਲੋਂ ਉਹਦੇ ਠੁਕਰਾਏ ਜਾਣ ਦੀਆਂ ਸਭ ਭਵਿੱਖਬਾਣੀਆਂ ਕੀਤੀਆਂ ਗਈਆਂ। ਭਵਿੱਖਬਾਣੀ ਵਿਚ ਯਿਸੂ ਦੇ ਫੜਵਾਏ ਜਾਣ ਅਤੇ ਮੌਤ ਨੂੰ ਵਿਸਤਾਰ ਨਾਲ ਵਿਖਾਇਆ ਗਿਆ ਹੈ। ਮੌਤ ਸਮੇਂ ਉਹਦੇ ਸ਼ਬਦਾਂ ਨੂੰ, ਉਹਦੇ ਦਫ਼ਨਾਏ ਜਾਣ, ਜੀ ਉੱਠਣ ਅਤੇ ਉੱਪਰ ਉਠਾਏ ਜਾਣ ਦੀ ਜਾਣਕਾਰੀ ਨਾਲ ਪਹਿਲਾਂ ਹੀ ਲਿਖ ਦਿੱਤਾ ਗਿਆ ਸੀ (ਪਾਠ 4 ਵਿਚ, ''ਕਿਉਂਕਿ ਉਹ ਪੁਰਾਣੇ ਨੇਮ ਦੀ ਭਵਿੱਖਬਾਣੀ ਨੂੰ ਪੂਰਾ ਕਰਦਾ ਹੈ'' ਵੇਖੋ)।
3. ਯਿਸੂ ਦੇ ਜੀਵਨ ਨਾਲ ਜੁੜੀਆਂ ਭਵਿੱਖਬਾਣੀਆਂ ਦਾ ਪੂਰਾ ਹੋਣਾ ਦੱਸਦਾ ਹੈ ਕਿ ਯਿਸੂ ਖ਼ੁਦਾ ਸੀ ਅਤੇ ਜਿਨ੍ਹਾਂ ਲੋਕਾਂ ਨੇ ਬਾਈਬਲ ਨੂੰ ਲਿਖਿਆ, ਉਨ੍ਹਾਂ ਨੂੰ ਪ੍ਰਮੇਸ਼ਵਰ ਦੀ ਪ੍ਰੇਰਣਾ ਸੀ।
4. ਯਿਸੂ ਨੇ ਅਬਰਾਹਾਮ ਤੋਂ ਪਹਿਲਾਂ ਹੋਣ ਦਾ ਦਾਅਵਾ ਕੀਤਾ ਅਤੇ ਕਿਹਾ ਕਿ ਸੰਸਾਰ ਦੇ ਅਰੰਭ ਤੋਂ ਪਹਿਲਾਂ ਵੀ ਉਹ ਪ੍ਰਮੇਸ਼ਵਰ ਦੇ ਨਾਲ ਸੀ। ਉਹਨੇ ਦੱਸਿਆ ਕਿ ਉਹ ਸਵਰਗ ਤੋਂ ਆਇਆ ਅਤੇ ਧਰਤੀ ਤੇ ਉਹਦੇ ਕੋਲ ਸਾਰਾ ਇਖ਼ਤਿਆਰ ਹੈ।
5. ਯਿਸੂ ਨੇ ਕਿਹਾ ਕਿ ਉਹ ਜਗਤ ਦਾ ਚਾਨਣ ਹੈ; ਫਿਰ ਉਹਨੇ ਅੰਨ੍ਹਿਆਂ ਨੂੰ ਸੁਜਾਖੇ ਕੀਤਾ। ਉਹਨੇ ਆਪਣੇ ਆਪ ਨੂੰ ਜ਼ਿੰਦਗੀ ਦੀ ਰੋਟੀ ਕਿਹਾ, ਅਤੇ ਉਹਨੇ ਪੰਜ ਹਜ਼ਾਰ ਨੂੰ ਖੁਆਇਆ। ਉਹਨੇ ਜੀ ਉੱਠਣ ਅਤੇ ਜੀਵਨ ਹੋਣ ਦਾ ਦਾਅਵਾ ਕੀਤਾ, ਅਤੇ ਲਾਜ਼ਰ ਨੂੰ ਮੁਰਦਿਆਂ ਵਿੱਚੋਂ ਜਿਵਾਇਆ।
6. ਯਿਸੂ ਦੀ ਭਲਿਆਈ ਨੂੰ ਪਿਲਾਤੁਸ ਦੀ ਪਤਨੀ ਨੇ, ਹੇਰੋਦੇਸ ਨੇ, ਸਲੀਬ ਉੱਤੇ ਚੜ੍ਹੇ ਡਾਕੂ ਨੇ ਅਤੇ ਇੱਥੋਂ ਤਕ ਕਿ ਯਹੂਦਾ ਨੇ ਮੰਨਿਆ।
7. ਪ੍ਰਭੂ ਦਾ ਦਿਨ, ਪ੍ਰਭੂ ਭੋਜ, ਬਪਤਿਸਮਾ ਅਤੇ ਸਾਡੇ ਕੈਲੇਂਡਰਾਂ ਦੀ ਤਰੀਕ ਤੈਅ ਕਰਨਾ ਸਾਡੇ ਮੌਜੂਦਾ ਸੰਸਾਰ ਤੇ ਹੋਣ ਵਾਲੇ ਯਿਸੂ ਦੇ ਅਸਰ ਦਾ ਸਬੂਤ ਹੈ।

## ਪਵਿੱਤਰ ਆਤਮਾ ਕੌਣ ਹੈ?

*(ਇਸ ਦੇ ਪ੍ਰਸ਼ਨ ਅਧਿਆਇ 5 ਵਿਚ ਦਿੱਤੇ ਗਏ ਹਨ)*

1. ਸਵਾਲ ''ਕੀ'' ਦੇ ਬਜਾਏ ''ਕੌਣ'' ਹੈ ਕਿਉਂਕਿ ਪਵਿੱਤਰ ਆਤਮਾ ਇਕ ਜੀਅ ਹੈ, ਇਕ ਰੱਬੀ ਸ਼ਖ਼ਸ ਹੈ ਜਿਹਦੀ ਆਪਣੀ ਸ਼ਖ਼ਸੀਅਤ ਹੈ।
2. ਪਵਿੱਤਰ ਆਤਮਾ ਨਿਆਂ, ਮਨ, ਇੱਛਾ, ਗਿਆਨ ਅਤੇ ਭਾਵਨਾਵਾਂ ਨੂੰ ਵਿਖਾਉਂਦਾ ਹੈ ਜਿਸ ਤੋਂ

ਇਹ ਪਤਾ ਲਗਦਾ ਹੈ ਕਿ ਉਹ ਇਕ ਬਲ ਹੀ ਨਹੀਂ ਸਗੋਂ ਜੀਉਂਦਾ ਵਿਅਕਤੀ ਹੈ।

3. ''ਦੁਖੀ ਹੋਇਆ,'' ''ਬੇਇੱਜ਼ਤ ਹੋਇਆ,'' ਜਾਂ ''ਸ਼ੋਕਿਤ ਹੋਇਆ'' ਵਰਗੇ ਸ਼ਬਦਾਂ ਰਾਹੀਂ/ਦੁਆਰਾ ਪ੍ਰਤੀਕਾਤਮਕ ਸੰਦਰਭ ਵਿਚ ਹੀ ਵਰਣਨ ਕੀਤਾ ਜਾਂਦਾ ਹੈ ਆਮ ਸ਼ਕਤੀਆਂ ਜਾਂ ਬੋਲਾਂ ਨਾਲ ਮਾੜੇ ਸਲੂਕ ਨੂੰ ਨਹੀਂ। ਇਨ੍ਹਾਂ ਆਇਤਾਂ ਦੇ ਸੰਦਰਭ ਤੋਂ ਇਹ ਪਤਾ ਨਹੀਂ ਲਗਦਾ ਕਿ ਭਾਸ਼ਾ ਕਵਿਤਾ ਦੀ ਹੈ ਜਾਂ ਪ੍ਰਤੀਕਾਤਮਕ। ਜੇ ਕੋਈ ਪਵਿੱਤਰ ਆਤਮਾ ਨੂੰ ''ਦੁਖੀ'' ਜਾਂ ''ਬੇਇੱਜ਼ਤ'' ਕਰ ਸਕਦਾ ਹੈ, ਤਾਂ ਉਹ ਇਕ ਵਿਅਕਤੀ ਹੀ ਹੈ।
4. ਪਵਿੱਤਰ ਆਤਮਾ ਵਿਚ ਪਿਤਾ ਅਤੇ ਪੁੱਤਰ ਵਾਲੇ ਅਨਾਦੀ ਹੋਣ ਦੇ ਗੁਣ ਹਨ, ਉਹ ਜਾਣੀ ਜਾਣ ਹੈ, ਸਰਵ ਸ਼ਕਤੀਮਾਨ ਹੈ ਅਤੇ ਹਰ ਥਾਂ ਮੌਜੂਦ ਹੈ। ਪਿਤਾ ਅਤੇ ਪੁੱਤਰ ਵਾਂਗ ਹੀ ਆਤਮਾ ਵਿਚ ਵੀ ਸਿਰਜਣ ਦੀ ਸ਼ਕਤੀ ਹੈ।

## ਪ੍ਰਮੇਸ਼ਵਰ ਮਨੁੱਖ ਬਣਿਆ

*(ਇਸ ਦੇ ਪ੍ਰਸ਼ਨ ਅਧਿਆਇ 6 ਵਿਚ ਦਿੱਤੇ ਗਏ ਹਨ)*

1. ਨਵੇਂ ਨੇਮ ਦੀਆਂ ਪਹਿਲੀਆਂ ਚਾਰ ਕਿਤਾਬਾਂ ਅਰਥਾਤ ਇੰਜੀਲ ਦੀਆਂ ਕਿਤਾਬਾਂ ਵਿਚ ਦੱਸਿਆ ਗਿਆ ਹੈ ਕਿ ਪ੍ਰਮੇਸ਼ਵਰ ਮਨੁੱਖ ਕਿਵੇਂ ਬਣਿਆ।
2. ਜਨਮ ਯਿਸੂ ਦੀ ਹੋਂਦ ਦਾ ਅਰੰਭ ਨਹੀਂ ਸੀ। ਉਹ ਸੰਸਾਰ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਪਿਤਾ ਦੀ ਮਹਿਮਾ ਵਿਚ ਭਾਈਵਾਲ ਸੀ।
3. ਯੂਹੰਨਾ 1:1-5 ਵਿਚ ਇਹ ਚਾਰ ਸੱਚਾਈਆਂ ਮਿਲਦੀਆਂ ਹਨ: (1) ਯਿਸੂ ਸ੍ਰਿਸ਼ਟੀ ਨਹੀਂ ਸੀ। (2) ਪ੍ਰਮੇਸ਼ਵਰ ਨੇ ਸੰਸਾਰ ਨੂੰ ਯਿਸੂ ਦੇ ਰਾਹੀਂ ਸਿਰਜਿਆ। (3) ਯਿਸੂ ਜੀਉਂਦਿਆਂ ਨੂੰ ਜ਼ਿੰਦਗੀ ਦਿੰਦਾ ਹੈ। (4) ਯਿਸੂ ਜ਼ਿੰਦਗੀ ਅਤੇ ਮੌਤ ਦਾ ਪ੍ਰਭੂ ਹੈ।
4. ਯਿਸੂ (1) ਸਵਰਗ ਨੂੰ ਛੱਡ ਕੇ, (2) ਮਨੁੱਖ ਬਣ ਕੇ, (3) ਮਨੁੱਖਾਂ ਦੀ ਸੇਵਾ ਕਰਕੇ ਅਤੇ (4) ਮੌਤ ਤਕ ਅਧੀਨ ਹੋਣ ਲਈ ਹੇਠਾਂ ਆਇਆ।
5. ਇਹ ਸੱਚਾਈ ਕਿ ਪ੍ਰਮੇਸ਼ਵਰ ਮਨੁੱਖ ਬਣਿਆ, ਮਸੀਹੀਅਤ ਦਾ ਅਧਾਰ ਹੈ।
6. ਯਿਸੂ ਦਾ ਜਨਮ ਵਿਲੱਖਣ ਸੀ ਕਿਉਂਕਿ ਉਹ ਇਕ ਕੁਆਰੀ ਤੋਂ ਪੈਦਾ ਹੋਇਆ ਸੀ।
7. ਸਾਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਯਿਸੂ (1) ਪ੍ਰਮੇਸ਼ਵਰ ਸੀ ਅਤੇ ਹੈ, (2) ਮਨੁੱਖ ਬਣਿਆ ਅਤੇ (3) ਪ੍ਰਮੇਸ਼ਵਰ ਮਨੁੱਖ ਬਣ ਕੇ ਧਰਤੀ ਤੇ ਰਿਹਾ।
8. ਯਿਸੂ ਪ੍ਰਮੇਸ਼ਵਰ ਸੀ: ਕਿਉਂਕਿ ਉਹਦਾ ਮਨੁੱਖ ਬਣਨਾ ਮਨੁੱਖ ਦੇ ਕੀੜੀ ਬਣਨ ਨਾਲੋਂ ਕਿਤੇ ਵਧ ਕੇ ਨੀਵਾਂ ਹੋਣਾ ਸੀ।

## ਅਸੀਂ ਯਿਸੂ ਨੂੰ ਕਿਵੇਂ ਵੇਖੀਏ?

*(ਇਸ ਦੇ ਪ੍ਰਸ਼ਨ ਅਧਿਆਇ 7 ਵਿਚ ਦਿੱਤੇ ਗਏ ਹਨ)*

1. ''ਮੁਕਤੀਦਾਤਾ'' ਸ਼ਬਦ ਉਹਦੇ ਲਈ ਵਰਤਿਆ ਜਾਂਦਾ ਹੈ ਜੋ ਦੂਜਿਆਂ ਨੂੰ ਬੇਹੱਦ ਖ਼ਤਰੇ ਤੋਂ ਬਚਾਉਂਦਾ ਹੈ।
2. ਯਿਸੂ ਇਕ ਵਿਲੱਖਣ ਮੁਕਤੀਦਾਤਾ ਹੈ। ਕਿਉਂਕਿ ਉਹ ਸਾਨੂੰ ਸਾਡੇ ਪਾਪਾਂ ਤੋਂ ਬਚਾਉਂਦਾ ਹੈ। ਉਹ ਰੂਹਾਨੀ ਬਚਾਉਣ ਵਾਲਾ ਹੈ।
3. ''ਖ੍ਰਿਸਟੁਸ'' ਦਾ ਅਰਥ ਹੈ ''ਪ੍ਰਮੇਸ਼ਵਰ ਦਾ ਮਸਹ ਕੀਤਾ ਜਾਂ ਚੁਣਿਆ ਹੋਇਆ।''
4. ਅਸੀਂ ਜਾਣਦੇ ਹਾਂ ਕਿ ਯਿਸੂ ਪ੍ਰਮੇਸ਼ਵਰ ਦਾ ਪੁੱਤਰ ਹੈ ਕਿਉਂਕਿ ਯਿਸੂ ਦੇ ਬਪਤਿਸਮੇ ਸਮੇਂ ਪ੍ਰਮੇਸ਼ਵਰ ਨੇ ਆਪਣਾ ਪੁੱਤਰ ਹੋਣ ਦਾ ਐਲਾਨ ਕੀਤਾ ਸੀ। ਯੂਹੰਨਾ ਰਸੂਲ ਨੇ ਕਿਹਾ ਕਿ ਸਾਨੂੰ ਤਿੰਨ ਗਵਾਹੀਆਂ ਦਿੱਤੀਆਂ ਗਈਆਂ ਹਨ: ਆਤਮਾ, ਪਾਣੀ ਅਤੇ ਲਹੂ ਦੀ।
5. ਪਵਿੱਤਰ ਆਤਮਾ ਪਾਣੀ ਅਤੇ ਲਹੂ ਦੀ ਗੱਲ ਕਰਦਿਆਂ ਰਸੂਲ ਯਿਸੂ ਦੀ ਜ਼ਿੰਦਗੀ ਦੀਆਂ

ਘਟਨਾਵਾਂ ਵੱਲ ਇਸ਼ਾਰਾ ਕਰ ਰਿਹਾ ਸੀ। ਉਹਦੇ ਪਾਣੀ ਵਿਚ ਬਪਤਿਸਮਾ ਲੈਣ ਸਮੇਂ ਪਵਿੱਤਰ ਆਤਮਾ ਉਸ ਉੱਤੇ ਉੱਤਰਿਆ ਅਤੇ ਲਹੂ ਉਹਦੀ ਮੌਤ ਦੇ ਆਲੇ ਦੁਆਲੇ ਦੀਆਂ ਘਟਨਾਵਾਂ ਵੱਲ ਇਸ਼ਾਰਾ ਕਰਦਾ ਹੈ।

6. ਪਤਰਸ ਨੇ ਆਪਣੇ ਸੁਣਨ ਵਾਲਿਆਂ ਨੂੰ, ਯਿਸੂ ਨੂੰ ਪ੍ਰਭੂ ਅਤੇ ਮਸੀਹ ਦੇ ਰੂਪ ਵਿਚ ਮੰਨਣ ਦੀ ਚੁਣੌਤੀ ਦਿੱਤੀ (ਰਸੂਲਾਂ ਦੇ ਕੰਮ 2:36)।
7. ਜੇ ਯਿਸੂ ਪ੍ਰਭੂ ਹੈ (ਅਤੇ ਉਹ *ਹੈ ਵੀ*), ਤਾਂ ਫਿਰ ਸਾਨੂੰ ਉਹਦੀ ਸਿੱਖਿਆ ਦੇ ਅੱਗੇ ਸਮਰਪਣ ਕਰਨ ਅਤੇ ਆਪਣੀਆਂ ਜ਼ਿੰਦਗੀਆਂ ਵਿਚ ਉਹਨੂੰ ਪਹਿਲ ਦੇਣੀ ਚਾਹੀਦੀ ਹੈ।

## ਯਿਸੂ ਧਰਤੀ ਤੇ ਕਿਉਂ ਆਇਆ?

*(ਇਸ ਦੇ ਪ੍ਰਸ਼ਨ ਅਧਿਆਇ 8 ਵਿਚ ਦਿੱਤੇ ਗਏ ਹਨ)*

1. ਧਰਤੀ ਤੇ ਪ੍ਰਭੂ ਦਾ ਆਉਣਾ ਮਨੁੱਖੀ ਇਤਿਹਾਸ ਦੀ ਸਭ ਤੋਂ ਵੱਡੀ ਘਟਨਾ ਸੀ। ਸਾਡੀ ਮੁਕਤੀ ਉਸ ਦੇ ਸਲੀਬ ਉੱਤੇ ਮਰਨ ਲਈ ਆਉਣ ਤੇ ਹੀ ਟਿਕੀ ਹੋਈ ਸੀ।
2. ਯਿਸੂ ਸੰਪੂਰਣ ਮਨੁੱਖ ਅਤੇ ਸੰਪੂਰਣ ਪ੍ਰਮੇਸ਼ਵਰ ਸੀ।
3. ਯਿਸੂ ਪੂਰੀ ਤਰ੍ਹਾਂ ਨਾਲ ਪ੍ਰਮੇਸ਼ਵਰ ਅਤੇ ਪੂਰੀ ਤਰ੍ਹਾਂ ਨਾਲ ਮਨੁੱਖ ਸੀ।
4. ਸਾਡਾ ਪ੍ਰਭੂ ਆਪਣੀ ਸੇਵਕਾਈ, ਮੌਤ ਅਤੇ ਜੀ ਉੱਠਣ ਰਾਹੀਂ ਲੋਕਾਂ ਨੂੰ ਬੁਲਾਉਣ ਲਈ ਆਇਆ, ਜਿਨ੍ਹਾਂ ਨੂੰ ਉਹਨੇ ਆਪਣੀ ਕਲੀਸੀਆ ਕਹਿ ਕੇ ਸੱਦਣਾ ਸੀ।
5. ਯਿਸੂ ਨੇ ਬਾਰਾਂ ਰਸੂਲਾਂ ਨੂੰ ਚੁਣਿਆ ਅਤੇ ਉਨ੍ਹਾਂ ਨੂੰ ਨਿੱਜੀ ਤੌਰ ਤੇ ਸਿੱਖਿਆ ਦਿੱਤੀ, ਪਰ ਇਹ ਸਪਸ਼ਟ ਹੈ ਕਿ ਉਹ ਉਨ੍ਹਾਂ ਨੂੰ ਉਹ ਕੰਮ ਕਰਨ ਲਈ ਸਿਖਲਾਈ ਦੇ ਰਿਹਾ ਸੀ ਜਿਹੜਾ ਉਹਦੇ ਜਾਣ ਦੇ ਬਾਅਦ ਉਨ੍ਹਾਂ ਨੇ ਕਰਨਾ ਸੀ (ਯੂਹੰਨਾ 14:19)।
6. ਪੱਤਰੀਆਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਉਹਦੀ ਆਤਮਕ ਦੇਹ ਬਣ ਕੇ ਮਸੀਹ ਦੇ ਜੀਵਨ ਨੂੰ ਕਿਵੇਂ ਕਬੂਲ ਕਰਨਾ ਹੈ।
7. ਨਹੀਂ, ਉਹਦੀ ਕਲੀਸੀਆ ਬਣੇ ਬਗੈਰ ਅਸੀਂ ਯਿਸੂ ਦੇ ਜੀਵਨ ਨੂੰ ਸਹੀ ਢੰਗ ਨਾਲ ਗ੍ਰਹਿਣ ਨਹੀਂ ਕਰ ਸਕਦੇ।
8. ਉਹਦੀ ਕਲੀਸੀਆ ਬਣ ਕੇ ਜੀਣ ਦੇ ਬਗੈਰ ਅਸੀਂ ਇਸ ਸੰਸਾਰ ਵਿਚ ਯਿਸੂ ਦੇ ਮਕਸਦ ਨੂੰ ਪੂਰਾ ਨਹੀਂ ਕਰ ਸਕਦੇ।

## ਸਲੀਬ ਅਤੇ ਕਲੀਸੀਆ

*(ਇਸ ਦੇ ਪ੍ਰਸ਼ਨ ਅਧਿਆਇ 9 ਵਿਚ ਦਿੱਤੇ ਗਏ ਹਨ)*

1. ਬਾਈਬਲ ਦੀ ਕਹਾਣੀ ਦਾ ਸਾਰ ਪ੍ਰਮੇਸ਼ਵਰ ਦੇ ਪੁੱਤਰ ਦੇ ਜੀਵਨ ਦਾ ਬਲੀਦਾਨ ਹੈ ਜੋ ਉਹਨੇ ਮਨੁੱਖਾਂ ਲਈ ਸਲੀਬ 'ਤੇ ਦਿੱਤਾ।
2. ਮਸੀਹੀਅਤ ਦਾ ਅਧਾਰ ਪਾਪ ਲਈ ਇਕ ਇਲਾਹੀ ਕੁਰਬਾਨੀ ਦਾ ਦਿੱਤਾ ਜਾਣਾ ਅਤੇ ਉਸ ਕੁਰਬਾਨੀ ਦਾ ਮੁਰਦਿਆਂ ਵਿੱਚੋਂ ਜੀ ਉੱਠਣਾ ਹੈ।
3. ਕਲੀਸੀਆ ਰਹਿਤ ਮਸੀਹੀਅਤ ਦਾ ਵਜੂਦ ਨਹੀਂ ਹੋ ਸਕਦਾ; ਕਿਉਂਕਿ ਨਾ ਤਾਂ ਸਿਰ ਧੜ ਦੇ ਬਗੈਰ ਕੰਮ ਕਰ ਸਕਦਾ ਹੈ ਅਤੇ ਨਾ ਧੜ ਸਿਰ ਦੇ ਬਗੈਰ ਕੰਮ ਕਰ ਸਕਦਾ ਹੈ।
4. ਸਲੀਬ (1) ਕਲੀਸੀਆ ਨੂੰ ਬਣਾਉਂਦੀ ਹੈ, (2) ਕਲੀਸੀਆ ਨੂੰ ਸ਼ੁੱਧ ਕਰਦੀ ਹੈ, (3) ਕਲੀਸੀਆ ਨੂੰ ਮਜਬੂਰ ਅਰਥਾਤ ਕਿਰਿਆਸ਼ੀਲ ਕਰਦੀ ਹੈ।
5. ਮਸੀਹ ਦੀ ਦੇਹ ਵਿਚ ਵਿਸ਼ਵਾਸ ਕਰਕੇ (ਰੋਮੀਆਂ 10:10), ਪਾਪਾਂ ਤੋਂ ਤੌਬਾ ਕਰਕੇ (ਰਸੂਲਾਂ ਦੇ ਕੰਮ 11:18), ਮਸੀਹ ਦਾ ਪ੍ਰਮੇਸ਼ਵਰ ਦੇ ਪੁੱਤਰ ਦੇ ਰੂਪ ਵਿਚ ਇਕਰਾਰ ਕਰਕੇ (ਰੋਮੀਆਂ 10:10) ਅਤੇ ਮਸੀਹ ਵਿਚ ਬਪਤਿਸਮਾ ਲੈ ਕੇ (ਗਲਾਤੀਆਂ 3:27)

ਆਇਆ ਜਾ ਸਕਦਾ ਹੈ।

6. ਯਿਸੂ ਸਾਨੂੰ ਮਾਫ਼ੀ ਅਤੇ ਜ਼ਿੰਦਗੀ ਪਾਉਣ ਦਾ ਸੱਦਾ ਦਿੰਦਾ ਹੈ।
7. ਯਿਸੂ ਦੀ ਦੇਹ ਕਲੀਸੀਆ ਹੈ।

## ''ਕਲੀਸੀਆ'' ਕੀ ਹੈ?

*(ਇਸ ਦੇ ਪ੍ਰਸ਼ਨ ਅਧਿਆਇ 10 ਵਿਚ ਦਿੱਤੇ ਗਏ ਹਨ)*

1. ਪਵਿੱਤਰ ਆਤਮਾ ਵੱਲੋਂ ਵਰਤੇ ਗਏ ਸ਼ਬਦਾਂ ਨੂੰ ਸਮਝਣਾ ਸੰਦੇਸ਼ ਹੈ। ਯਿਸੂ ਅਤੇ ਰਸੂਲਾਂ ਰਾਹੀਂ ਵਰਤੇ ਗਏ ਸ਼ਬਦ-ਅਰਥਾਂ, ਉਦਾਹਰਣਾਂ ਅਤੇ ਵਿਚਾਰ-ਰੂਪਾਂ ਨੂੰ ਵੇਖਣ ਲਈ ਸਾਡੇ ਲਈ ਬਾਈਬਲ ਅਧਿਐਨ ਦੇ ਚਾਹਵਾਨ ਹੋਣਾ ਜਰੂਰੀ ਹੈ। (ਅੰਤਿਕਾ 3 ਅਤੇ ਪਾਠ 10 ਵੇਖੋ।)
2. ''ਕਲੀਸੀਆ'' ਸ਼ਬਦ ਉਨ੍ਹਾਂ ਲੋਕਾਂ ਦੀ ਦੇਹ ਵੱਲ ਇਸ਼ਾਰਾ ਕਰਦਾ ਹੈ ਜਿਨ੍ਹਾਂ ਨੇ ਮਸੀਹ ਦੀ ਖੁਸ਼ਖ਼ਬਰੀ ਦੀ ਗੱਲ ਮੰਨ ਲਈ ਹੈ ਜਿਨ੍ਹਾਂ ਨੂੰ ਮਸੀਹ ਦੇ ਲਹੂ ਰਾਹੀਂ ਛੁਟਕਾਰਾ ਦੁਆਇਆ ਗਿਆ ਹੈ। ਇਹ ਦੇਹ ਇਕ ਥਾਂ ਤੇ ਮਸੀਹੀ ਲੋਕਾਂ ਦੀ ਸਥਾਨਕ ਮੰਡਲੀ ਦੇ ਰੂਪ ਵਿਚ ''ਕਲੀਸੀਆ'' ਹੈ ਅਤੇ ਇਸ ਨੂੰ ਪੂਰੀ ਦੁਨੀਆਂ ਵਿੱਚੋਂ ਛੁਡਾਏ ਹੋਏ ਲੋਕਾਂ ਲਈ ਵਰਤਿਆ ਜਾ ਸਕਦਾ ਹੈ।
3. ਇਸ ਤੱਥ ਦਾ ਕਿ ਕਲੀਸੀਆ ਪ੍ਰਮੇਸ਼ਵਰ ਦੀ ਹੈਕਲ ਹੈ, ਦਾ ਮਤਲਬ ਹੈ ਕਿ ਪ੍ਰਮੇਸ਼ਵਰ ਆਪਣੇ ਲੋਕਾਂ ਵਿਚ ਵਾਸ ਕਰਦਾ ਹੈ। ਇਸ ਕਰਕੇ ਸਾਨੂੰ ਇਸ ਤਰ੍ਹਾਂ ਜੀਉਣਾ, ਕੰਮ ਕਰਨਾ ਅਤੇ ਬੰਦਗੀ ਕਰਨੀ ਚਾਹੀਦੀ ਹੈ ਜਿਸ ਨਾਲ ਪਤਾ ਲੱਗੇ ਕਿ ਪ੍ਰਮੇਸ਼ਵਰ ਸਾਡੇ ਅੰਦਰ ਵਾਸ ਕਰਦਾ ਹੈ।
4. ਮਸੀਹੀ ਲੋਕ ਇਕ ''ਜੀਉਂਦੀ'' ਇਮਾਰਤ ਅਰਥਾਤ ਕਲੀਸੀਆ/ਚਰਚ ਬਣਦੇ ਹਨ। ਹਰ ਮਸੀਹੀ ਨੂੰ ਲਗਾਤਾਰ ਅੱਗੇ ਵਧਦੇ ਰਹਿਣਾ ਚਾਹੀਦਾ ਹੈ।
5. ਮਸੀਹ ਕਲੀਸੀਆ ਦਾ ਸਿਰ ਬਿਲਕੁਲ ਉਵੇਂ ਹੀ ਹੈ ਜਿਵੇਂ ਪਤੀ ਪਤਨੀ ਦਾ। ਮਸੀਹ ਕਲੀਸੀਆ ਨਾਲ ਪ੍ਰੇਮ ਰੱਖਦਾ ਹੈ ਜਿਵੇਂ ਪਤੀ ਆਪਣੀ ਪਤਨੀ ਨਾਲ ਪ੍ਰੇਮ ਰੱਖਦਾ ਹੈ।
6. ਮਸੀਹ ਦੀ ਕਲੀਸੀਆ ਵਿਚ ਵਿਸ਼ਵਾਸ ਕਰਨ, ਤੌਬਾ ਕਰਨ, ਇਕਰਾਰ ਕਰਨ ਅਤੇ ਬਪਤਿਸਮਾ ਲੈਣ ਰਾਹੀਂ ਆਇਆ ਜਾ ਸਕਦਾ ਹੈ। ਬਚਾਏ ਜਾਣ ਤੇ ਵਿਅਕਤੀ ਨੂੰ ਆਪਣੀ ਕਲੀਸੀਆ ਵਿਚ ਪ੍ਰਮੇਸ਼ਵਰ ਰਲਾਉਂਦਾ ਹੈ, ਮਨੁੱਖ ਨਹੀਂ।
7. ਕਲੀਸੀਆ ਮਸੀਹ ਦਾ ਨਾਮ ਪਹਿਨਦੀ ਹੈ, ਉਹਦੀ ਬੰਦਗੀ ਲਈ ਇਕੱਠੀ ਹੁੰਦੀ ਹੈ ਅਤੇ ਸੰਸਾਰ ਵਿਚ ਉਹਦਾ ਕੰਮ ਕਰਦੀ ਹੈ। ਮਸੀਹ ਦਾ ਪਵਿੱਤਰ ਆਤਮਾ ਮਸੀਹੀ ਲੋਕਾਂ ਵਿਚ ਵਾਸ ਕਰਦਾ ਹੈ।

## ਹੁਣ ਤਕ ਸੁਣਾਈ ਜਾਣ ਵਾਲੀ ਸਭ ਤੋਂ ਅਹਿਮ ਕਹਾਣੀ ਤੋਂ ਅੱਗੇ

*(ਇਸ ਦੇ ਪ੍ਰਸ਼ਨ ਅਧਿਆਇ 11 ਵਿਚ ਦਿੱਤੇ ਗਏ ਹਨ)*

1. ਕਲੀਸੀਆ ਪ੍ਰਭੂ ਵੱਲੋਂ ਦਿੱਤੀ ਮਹਾਨ ਆਗਿਆ ਦਾ ਪੂਰਾ ਹੋਣਾ (ਮੱਤੀ 28:20) ਅਤੇ ਧਰਤੀ ਉੱਤੇ ਮਸੀਹ ਦੀ ਦੇਹ ਹੈ।
2. ਰਸੂਲਾਂ ਦੇ ਕੰਮ 2:1 ਵਿਚ ਪੜਨਾਉਂ ''ਉਹ'' ਰਸੂਲਾਂ ਦੇ ਕੰਮ 1:26 ਵਿਚਲੇ ''ਉਨ੍ਹਾਂ ਗਿਆਰ੍ਹਾਂ ਰਸੂਲਾਂ'' ਵੱਲ ਇਸ਼ਾਰਾ ਕਰਦਾ ਹੈ। ਬਾਈਬਲ ਕਿਤੇ ਵੀ ਇਹ ਸੰਕੇਤ ਨਹੀਂ ਦਿੰਦੀ ਕਿ ਪੈਂਟੀਕਾਸਟ ਵਾਲੇ ਦਿਨ ਰਸੂਲਾਂ ਦੇ ਇਲਾਵਾ ਕਿਸੇ ਹੋਰ ਨੇ ਪਵਿੱਤਰ ਆਤਮਾ ਦਾ ਬਪਤਿਸਮਾ ਪਾਇਆ ਹੋਵੇ।
3. ਰਸੂਲਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਉਨ੍ਹਾਂ ਨੂੰ ਪ੍ਰਮੇਸ਼ਵਰ ਦਾ ਸੰਦੇਸ਼, ਪਰਗਟ ਕਰਨ ਦੇ ਯੋਗ ਬਣਾਉਣ ਲਈ, ਇਹ ਤਸਦੀਕ ਕਰਨ ਲਈ ਕਿ ਉਹ ਸੰਦੇਸ਼ ਪ੍ਰਮੇਸ਼ਵਰ ਵੱਲੋਂ ਹੀ ਸੀ

ਅਤੇ ਦੂਜੇ ਮਸੀਹੀਆਂ ਤਕ ਅਚੰਭੇ ਕਰਨ ਦੇ ਦਾਨ ਪਹੁੰਚਾਉਣ ਲਈ ਦਿੱਤਾ ਗਿਆ ਸੀ।

4. ਰਸੂਲਾਂ ਨੂੰ ਮਿਲਿਆ ਪਵਿੱਤਰ ਆਤਮਾ ਦਾ ਬਪਤਿਸਮਾ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਨਵਾਂ ਨੇਮ ਸਾਨੂੰ ਪ੍ਰਮੇਸ਼ਵਰ ਦੀ ਪ੍ਰੇਰਣਾ ਪਾਏ ਹੋਏ ਲੋਕਾਂ ਰਾਹੀਂ ਦਿੱਤਾ ਗਿਆ।
5. ਮਸੀਹ ਦੇ ਪ੍ਰਮੇਸ਼ਵਰ ਵੱਲੋਂ ਹੋਣ ਦੇ ਨਤੀਜੇ ਵੱਜੋਂ, ਪਤਰਸ ਨੇ ਉਹਦੇ ਅਚੰਭੇ ਕੰਮਾਂ, ਉਹਦੇ ਜੀ ਉੱਠਣ, ਭਵਿੱਖਬਾਣੀ ਦੇ ਪੂਰਾ ਹੋਣ, ਗਵਾਹੀਆਂ ਦੇ ਸਬੂਤ, ਆਤਮਾ ਦੇ ਉੱਤਰਣ ਬਾਰੇ ਦੱਸਿਆ।
6. ਛੁਟਕਾਰੇ ਦੀ ਪ੍ਰਮੇਸ਼ਵਰ ਦੀ ਯੋਜਨਾ ਲਈ ਮਸੀਹ ਦੇ ਜੀ ਉੱਠਣ ਦਾ ਖ਼ਾਸ ਮਹੱਤਵ ਹੈ। ਜੇ ਉਹ ਮੁਰਦਿਆਂ ਵਿੱਚੋਂ ਜੀ ਨਾ ਉੱਠਦਾ ਤਾਂ ਮਸੀਹ ਨੂੰ ਪ੍ਰਮੇਸ਼ਵਰ ਦਾ ਰੱਬੀ ਪੁੱਤਰ ਨਾ ਮੰਨਿਆ ਜਾਂਦਾ।
7. ਪਾਪ ਵਿਚ ਮਰਨ ਨਾਲੋਂ ਵੱਡਾ ਦੁਖਾਂਤ ਕੋਈ ਨਹੀਂ ਹੈ।
8. ਮੁਕਤੀ ਦੀਆਂ ਸ਼ਰਤਾਂ ਦੇ ਸਬੰਧ ਵਿਚ, ਮਰਕੁਸ 16:15, 16, ਵਿਸ਼ਵਾਸ ਤੇ; ਲੂਕਾ 24:46, 47, ਤੌਬਾ ਕਰਨ ਅਤੇ ਪਾਪਾਂ ਦੀ ਮਾਫ਼ੀ ਤੇ; ਅਤੇ ਮੱਤੀ 28:18-20 ਬਪਤਿਸਮੇ ਤੇ ਜ਼ੋਰ ਦਿੰਦਾ ਹੈ।
9. ਰਸੂਲਾਂ ਦੇ ਕੰਮ 22:16, ਰਸੂਲਾਂ ਦੇ ਕੰਮ 2:38 ਦੇ ਨਾਲ ਮਿਲ ਕੇ ਸਾਬਤ ਕਰਦਾ ਹੈ ਕਿ ਬਪਤਿਸਮਾ ਪਾਪਾਂ ਦੀ ਮਾਫ਼ੀ ਲਈ ਹੀ ਹੈ।

## ਨਵੇਂ ਨੇਮ ਦੀ ਕਲੀਸੀਆ

*(ਇਸ ਦੇ ਪ੍ਰਸ਼ਨ ਅਧਿਆਇ 12 ਵਿਚ ਦਿੱਤੇ ਗਏ ਹਨ)*

1. ''ਰਸੂਲਾਂ ਦੀ ਸਿੱਖਿਆ ... ਵਿਚ ਲੱਗੇ ਰਹੇ'' ਦਾ ਅਰਥ ਹੈ ਕਿ ਜੋ ਕੁਝ ਉਨ੍ਹਾਂ ਨੂੰ ਪ੍ਰਮੇਸ਼ਵਰ ਦੀ ਪ੍ਰੇਰਣਾ ਪਾਏ ਹੋਏ ਰਸੂਲਾਂ ਨੇ ਸਿਖਾਇਆ ਸੀ, ਉਸ ਉੱਤੇ ਉਹ ਪੂਰੇ ਮਨ ਨਾਲ ਚੱਲਦੇ ਰਹੇ। ਪ੍ਰਮੇਸ਼ਵਰ ਦੇ ਵਚਨ ਪ੍ਰਤੀ ਮਸੀਹੀ ਲੋਕਾਂ ਦੀ ਵਚਨਬੱਧਤਾ ਅਜਿਹੀ ਹੀ ਹੋਣੀ ਚਾਹੀਦੀ ਹੈ।
2. ਯਰੂਸ਼ਲਮ ਦੀ ਕਲੀਸੀਆ ਮਨ, ਦਿਲ ਅਤੇ ਸਿੱਖਿਆ ਦੀ ਏਕਤਾ ਵਿਚ ਸਾਂਝੀ ਸੀ।
3. ਅੱਜ ਦੀ ਕਲੀਸੀਆ ਲਈ ਤਰਸ ਦੇ ਰਾਹੀਂ ਪ੍ਰਮੇਸ਼ਵਰ ਦੇ ਵਚਨ ਦੀ ਗੱਲ ਮੰਨਣ ਵਾਲੀ ਹੋਣਾ ਜ਼ਰੂਰੀ ਹੈ। ਸਭ ਨੂੰ ਜਿਨ੍ਹਾਂ ਨੇ ਖੁਸ਼ਖ਼ਬਰੀ ਦੀ ਗੱਲ ਮੰਨ ਲਈ ਹੈ, ਮਸੀਹ ਦੇ ਨਾਲ ਅਤੇ ਦੂਜੇ ਮੈਂਬਰਾਂ ਨਾਲ ਇਕ ਬਣਾਇਆ ਗਿਆ ਹੈ। ਮਸੀਹੀ ਲੋਕ ਦਿਲੋ-ਜਾਨ ਨਾਲ ਇਕ ਪਰਿਵਾਰ ਹਨ।
4. ਇਹ ਫ਼ੈਸਲਾ ਕਿ ਨਵੇਂ ਨੇਮ ਦੀ ਕਲੀਸੀਆ ਕਿਹੜੀ ਹੈ ਪ੍ਰਮੇਸ਼ਵਰ ਲਈ ਸਾਡੀ ਰੋਜ਼-ਮੱਰਾ ਦੀ ਜ਼ਿੰਦਗੀ, ਸਾਡੀ ਰੂਹਾਨੀ ਪਛਾਣ, ਸਾਡੀ ਬੰਦਗੀ ਅਤੇ ਸਾਡੀ ਰੂਹਾਨੀ ਸੇਵਾ ਨੂੰ ਪ੍ਰਭਾਵਤ ਕਰੇਗਾ।
5. ਰਸੂਲਾਂ ਦੇ ਕੰਮ 2:41-47; 5:11; 7:38; ਅਤੇ 8:1, 3 ਤੋਂ ਪਤਾ ਲਗਦਾ ਹੈ ਕਿ ਨਵੇਂ ਨੇਮ ਦੀ ਕਲੀਸੀਆ ਦਾ ਅਰੰਭ ਪੈਂਟੀਕਾਸਟ ਵਾਲੇ ਦਿਨ ਹੀ ਹੋਇਆ।
6. ਪ੍ਰਮੇਸ਼ਵਰ ਦੇ ਵਚਨ ਦਾ ਵੱਡਾ ਤਿਆਗ ਦੂਜੀ ਸਦੀ ਵਿਚ ਸ਼ੁਰੂ ਹੋਇਆ। ਸਤਵੀਂ ਸਦੀ ਵਿਚ ਕੈਥੋਲਿਕ ਚਰਚ ਨਾਲ ਪੋਪ ਅਤੇ ਉਲਝਣ ਭਰੇ ਪੁਰੋਹਿਤ-ਤੰਤਰ ਦੇ ਬਣਨ ਨਾਲ ਵਿਸ਼ਵਾਸ ਤੋਂ ਇਹ ਤਿਆਗ ਸਿਖਰ ਤੇ ਪਹੁੰਚ ਗਿਆ। ਹੋਰ ਡਿਨੋਮਿਨੇਸ਼ਨਾਂ ਸੋਲ੍ਹਵੀਂ ਵਿਚ ਬਣਨੀਆਂ ਸ਼ੁਰੂ ਹੋਈਆਂ।
7. ਇਕ ਇਕ ਮਸੀਹੀ ਨਾਲ ਮਿਲ ਕੇ ਮਸੀਹ ਦੀ ਦੇਹ ਬਣਦੀ ਹੈ।
8. ਨਵੇਂ ਨੇਮ ਵਿਚ ਮਿਲਣ ਵਾਲੇ ਨਾਮ ਦੇ ਇਲਾਵਾ ਕਿਸੇ ਵੀ ਹੋਰ ਨਾਮ ਨਾਲ ਨਵੇਂ ਨੇਮ ਦੀ ਕਲੀਸੀਆ ਦੀ ਪਛਾਣ ਨਹੀਂ ਹੁੰਦੀ।
9. ਹਾਂ, ਅੱਜ ਮਸੀਹੀ ਲੋਕਾਂ ਨੂੰ ਨਵੇਂ ਨੇਮ ਦੀ ਕਲੀਸੀਆ ਦੀਆਂ ਉਹੀ ਰੀਤਾਂ ਅਪਨਾਉਣੀਆਂ ਚਾਹੀਦੀਆਂ ਹਨ ਜੋ ਪ੍ਰਮੇਸ਼ਵਰ ਦੇ ਹੁਕਮਾਂ ਮੁਤਾਬਕ ਕਾਇਮ ਹੋਈਆਂ।

## ਪ੍ਰਮੇਸ਼ਵਰ ਦੇ ਲੋਕਾਂ ਦੇ ਲਈ ਖਾਸ ਸ਼ਬਦ

*(ਇਸ ਦੇ ਪ੍ਰਸ਼ਨ ਅਧਿਆਇ 13 ਵਿਚ ਦਿੱਤੇ ਗਏ ਹਨ)*

1. ਪ੍ਰਮੇਸ਼ਵਰ ਇਸਰਾਏਲ ਦਾ ਰਾਜਾ, ਸਰਕਾਰ ਦਾ ਮੁਖੀ ਅਤੇ ਉਨ੍ਹਾਂ ਦੇ ਧਰਮ ਦਾ ਮੁਖੀ ਸੀ। ਇਸਰਾਏਲ ਇਕ ''ਧਰਮਤੰਤਰ'' (ਪ੍ਰਮੇਸ਼ਵਰ ਦੀ ਹਕੂਮਤ ਵਾਲਾ ਦੇਸ਼) ਸੀ।
2. ਰਾਜਾ ਸ਼ਾਊਲ ਨੂੰ ਯਹੋਵਾਹ ਦਾ ਦਾਸ ਹੋਣਾ ਜ਼ਰੂਰੀ ਸੀ। ਉਹਦਾ ਇਖ਼ਤਿਆਰ ਮੂਸਾ ਦੀ ਸ਼ਰ੍ਹਾ ਤਕ ਸੀਮਤ ਸੀ।
3. ਦਾਨੀਏਲ ਦੀ ਭਵਿੱਖਬਾਣੀ ਮੁਤਾਬਕ ਆਉਣ ਵਾਲਾ ਰਾਜ ਖ਼ਾਸ ਹੋਣਾ ਸੀ। ਇਕ ਅਨੰਤ ਰਾਜ ਹੋਰ ਸਭ ਰਾਜਾਂ ਨਾਲੋਂ ਹਟ ਕੇ ਹੋਣਾ ਸੀ।
4. ਪਵਿੱਤਰ ਆਤਮਾ ਦੀ ਅਗਵਾਈ ਨਾਲ, ''ਰਾਜ'' ਸ਼ਬਦ ਦਾ ਥਾਂ ਅਖ਼ੀਰ ''ਕਲੀਸੀਆ'' ਸ਼ਬਦ ਨੇ ਲੈ ਲਿਆ। ਇਸ ਸ਼ਬਦ ਦੀ ਵਰਤੋਂ ਤੋਂ ਪਤਾ ਲਗਦਾ ਹੈ ਕਿ ਆਪਣੇ ਲੋਕਾਂ ਦੇ ਮਨਾਂ ਤੇ ਮਸੀਹ ਦੀ ਸ਼ਾਹੀ ਭੂਮਿਕਾ ਕਲੀਸੀਆ ਨੂੰ ਕਿਵੇਂ ਬਣਾਉਂਦੀ ਹੈ।
5. ਪੌਲੁਸ ਪ੍ਰਮੇਸ਼ਵਰ ਦੇ ਰਾਜ ਵਿਚ ਸੀ ਪਰ ਉਹ ਸਵਰਗੀ ਰਾਜ ਵਿਚ ਜਾਣ ਦੀ ਉਡੀਕ ਵਿਚ ਸੀ। ਸੱਚੇ ਮਸੀਹੀ ਹੁਣ ਮਸੀਹ ਦੀ ਰੂਹਾਨੀ ਹਕੂਮਤ ਦੇ ਅਧੀਨ ਹਨ, ਪਰ ਉਹ ਅਨੰਤਕਾਲ ਵਿਚ ਪ੍ਰਮੇਸ਼ਵਰ, ਮਸੀਹ ਅਤੇ ਪਵਿੱਤਰ ਆਤਮਾ ਨਾਲ ਭਰਪੂਰ ਅਤੇ ਨਜ਼ਦੀਕੀ ਵਿਚ ਜਾਣਗੇ।
6. ਨਵੇਂ ਨੇਮ ਵਿਚ ''ਕਲੀਸੀਆ'' ਸ਼ਬਦ ਦੀ ਵਰਤੋਂ 114 ਵਾਰ ਹੋਈ ਹੈ। ਨਵੇਂ ਨੇਮ ਵਿਚ ਇਸ ਅਹਿਮ ਸ਼ਬਦ ਦੀ ਵਰਤੋਂ ਨੂੰ ਸਮਝੇ ਬਿਨਾਂ ਅਸੀਂ ਮਸੀਹ ਦੇ ਮੁਕਤੀ ਦੇ ਰਾਹ ਨੂੰ ਨਹੀਂ ਸਮਝ ਸਕਦੇ (ਅੰਤਿਕਾ 3 ਵੇਖੋ)।
7. ''ਕਲੀਸੀਆ'' ਸ਼ਬਦ ਦਾ ਸਧਾਰਣ ਅਰਥ ''ਸਭਾ'' ਹੁੰਦਾ ਹੈ, ਜਿਵੇਂ ਰਸੂਲਾਂ ਦੇ ਕੰਮ 19:25 ਵਿਚ।
8. ਨਵੇਂ ਨੇਮ ਵਿਚ ''ਕਲੀਸੀਆ'' ਸ਼ਬਦ ਦਾ ਅਰਥ ਹਮੇਸ਼ਾ ਧਾਰਮਿਕ ਅਤੇ ''ਸੱਦੀ ਹੋਈ'' ਸਭਾ ਹੀ ਨਹੀਂ ਹੈ।

## ਕਲੀਸੀਆ ਦੇ ਲਈ ਰੱਬੀ ਨਾਮ

*(ਇਸ ਦੇ ਪ੍ਰਸ਼ਨ ਅਧਿਆਇ 14 ਵਿਚ ਦਿੱਤੇ ਗਏ ਹਨ)*

1. ਯਿਸੂ ਰਾਜਾ (ਸਿਰ) ਹੈ, ਅਤੇ ਕਲੀਸੀਆ ਦੇ ਲੋਕ ਉਹਦੇ ਰੂਹਾਨੀ ਰਾਜ ਦੇ ਲੋਕ ਹਨ।
2. ਮਸੀਹ ਨੇ ਕਲੀਸੀਆ ਨੂੰ ਬਣਾਇਆ, ਇਸ ਨੂੰ ਖ਼ਰੀਦਿਆ, ਉਹ ਇਹਦਾ ਮਾਲਕ ਹੈ ਅਤੇ ਸਿਰ ਬਣ ਕੇ ਇਹਦੀ ਸੇਵਾ ਕਰਦਾ ਹੈ। ਕਲੀਸੀਆ ਨੂੰ ''ਪ੍ਰਮੇਸ਼ਵਰ ਦੀ ਕਲੀਸੀਆ'' ਦੇ ਰੂਪ ਵਿਚ ਵੀ ਵੇਖਿਆ ਜਾ ਸਕਦਾ ਹੈ।
3. ਕਲੀਸੀਆ ਨੂੰ ਪ੍ਰਮੇਸ਼ਵਰ ਨੇ ਵਿਸ਼ੇਸ਼ ਨਾਮ ਦਿੱਤੇ ਸਨ। ਉਹ ਇਕ ਇਲਾਹੀ ਮਕਸਦ ਨੂੰ ਪੂਰਾ ਕਰਦੇ ਹਨ ਅਤੇ ਸਾਨੂੰ ਉਨ੍ਹਾਂ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ।
4. ਜਦ ਅਸੀਂ ਕਲੀਸੀਆ ਨੂੰ ਉਵੇਂ ਹੀ ਸੱਦਦੇ ਹਾਂ ਜਿਵੇਂ ਬਾਈਬਲ ਦੱਸਦੀ ਹੈ ਤਾਂ ਅਸੀਂ ਆਪਣੇ ਆਪ ਨੂੰ ਉਹੀ ਬਣਨ ਲਈ ਸਹੀ ਰਸਤੇ ਤੇ ਲਿਆਉਂਦੇ ਹਾਂ ਜੋ ਪ੍ਰਮੇਸ਼ਵਰ ਸਾਨੂੰ ਬਣਾਉਣਾ ਚਾਹੁੰਦਾ ਸੀ।
5. ਮਸੀਹੀ ਲੋਕ ਪ੍ਰਮੇਸ਼ਵਰ ਦਾ ਪਰਿਵਾਰ ਹਨ। ਉਨ੍ਹਾਂ ਦੀ ਮਨਬਦਲੀ ਸਮੇਂ, ਪ੍ਰਮੇਸ਼ਵਰ ਉਨ੍ਹਾਂ ਨੂੰ ਆਪਣੀ ਸੰਤਾਨ ਦੇ ਰੂਪ ਵਿਚ ਗੋਦ ਲੈ ਕੇ, ਉਨ੍ਹਾਂ ਨੂੰ ਪਰਿਵਾਰ ਦੇ ਸਭ ਹੱਕ ਦਿੰਦਾ ਅਤੇ ਮਸੀਹ ਨਾਲ ਹਮੇਸ਼ਾ ਦੀ ਜ਼ਿੰਦਗੀ ਦੇ ਵਾਰਸ ਬਣਾਉਂਦਾ ਹੈ।
6. ਇਕ ''ਮਸੀਹੀ'' ਮਸੀਹ ਦਾ ਪੈਰੋਕਾਰ ਹੈ ਜੋ ਉਸੇ ਤਰ੍ਹਾਂ ਦੀ ਜ਼ਿੰਦਗੀ ਗੁਜ਼ਾਰਨ ਦੀ ਕੋਸ਼ਿਸ਼ ਕਰਦਾ ਹੈ ਜਿਸ ਤਰ੍ਹਾਂ ਦੀ ਜ਼ਿੰਦਗੀ ਯਿਸੂ ਨੇ ਆਪਣੇ ਪੈਰੋਕਾਰਾਂ ਨੂੰ ਜੀਉਣ ਦੀ ਸਿੱਖਿਆ ਦਿੱਤੀ।

7. ਪੌਲੁਸ ਨੇ ਕਿਹਾ, ''ਜੀਉਣਾ ਮੇਰੇ ਲਈ ਮਸੀਹ ਹੈ ਅਤੇ ਮਰਨਾ ਲਾਭ ਹੈ।''
8. ਮਨਬਦਲੀ ਵੇਲੇ, ਸਾਨੂੰ ਪ੍ਰਮੇਸ਼ਵਰ ਦੀ ਸੰਤਾਨ ਦੇ ਰੂਪ ਵਿਚ ਗੋਦ ਲਿਆ ਜਾਂਦਾ ਹੈ। ਸਾਡੀ ਵਿਰਾਸਤ ਅਨੰਤ ਹੋਣ ਦੇ ਨਾਲ ਨਾਲ, ਪ੍ਰਮੇਸ਼ਵਰ ਦੇ ਇਸ ਸੰਸਾਰਕ ਪਰਿਵਾਰ ਦੀ ਹਮਾਇਤ ਅਤੇ ਸ਼ਕਤੀ ਵੀ ਹੈ। ਪ੍ਰਮੇਸ਼ਵਰ ਪਿਤਾ ਹੈ, ਯਿਸੂ ਵੱਡਾ ਭਾਈ ਹੈ ਅਤੇ ਸਭ ਮਸੀਹੀ ਲੋਕ ਮਸੀਹ ਵਿਚ ਭਾਈ ਅਤੇ ਭੈਣਾਂ ਹਨ।
9. ਚੇਲਾ ਜਾਂ ਸ਼ਗਿਰਦ ਉਹ ਹੈ ਜੋ ਆਪਣੇ ਆਪ ਨੂੰ ਆਪਣੇ ਤੋਂ ਕਿਸੇ ਮਹਾਨ ਦੇ ਸਾਹਮਣੇ ਝੁਕਾ ਦਿੰਦਾ ਹੈ ਅਤੇ ਉਸ ਤੋਂ ਲਗਾਤਾਰ ਸਿੱਖਦਾ ਰਹਿੰਦਾ ਹੈ। ਉਹ ਸੁਣਨ ਵਾਲਾ ਅਤੇ ਸਿੱਖਣ ਵਾਲਾ ਅਤੇ ਅਧਿਐਨ ਕਰਨ ਵਾਲਾ ਹੁੰਦਾ ਹੈ।
10. ''ਸੰਤ'' ਪ੍ਰਮੇਸ਼ਵਰ ਲਈ ਅੱਡ ਕੀਤੇ ਹੋਏ ਲੋਕ ਹਨ। ਮਸੀਹੀ ਬਣਨ ਵਾਲਾ ''ਸੰਤ'' ਬਣ ਜਾਂਦਾ/ਜਾਂਦੀ ਹੈ, ਅੱਡ ਹੋ ਜਾਂਦਾ/ਜਾਂਦੀ ਹੈ। ਸੰਤ ਨੂੰ ਪਵਿੱਤਰ ਬੁਲਾਹਟ ਰਾਹੀਂ ਸੱਦਿਆ ਗਿਆ ਹੈ, ਉਹ ਪਵਿੱਤਰ ਚਾਲ ਚੱਲਣ ਵਿਚ ਜ਼ਿੰਦਗੀ ਬਿਤਾਉਂਦਾ/ਬਿਤਾਉਂਦੀ ਹੈ, ਅਤੇ ਅੰਤ ਦੇ ਦਿਨ ਪ੍ਰਮੇਸ਼ਵਰ ਦੇ ਸਾਹਮਣੇ ''ਪਵਿੱਤਰ, ਨਿਰਦੋਸ਼ ਅਤੇ ਬੇਇਲਜ਼ਾਮ'' ਪੇਸ਼ ਹੋਣਾ ਚਾਹੁੰਦਾ/ਚਾਹੁੰਦੀ ਹੈ। (ਵੇਖੋ ਕੁਲੁੱਸੀਆਂ 1:22.)

## ਮਸੀਹ ਕਲੀਸੀਆ ਦਾ ਸਿਰ

*(ਇਸ ਦੇ ਪ੍ਰਸ਼ਨ ਅਧਿਆਇ 15 ਵਿਚ ਦਿੱਤੇ ਗਏ ਹਨ)*

1. ਰਹਿਨੁਮਾਈ ਨਾ ਕਰਨ ਵਾਲੀ ਲੀਡਰਸ਼ਿਪ ਸੱਚੀ ਨਹੀਂ ਹੈ।
2. ਯਿਸੂ ਆਪਣੀ ਸ਼ਰ੍ਹਾ ਰਾਹੀਂ ਕਲੀਸੀਆ ਦੀ ਅਗਵਾਈ ਕਰਦਾ ਹੈ (ਅਫ਼ਸੀਆਂ 1:21, 23; ਕੁਲੁੱਸੀਆਂ 1:18, 19)।
3. ਮਸੀਹ ਅੰਤ ਸਮੇਂ ਤਕ ਕਲੀਸੀਆ ਦੇ ਸਿਰ ਦੇ ਰੂਪ ਵਿਚ ਹਕੂਮਤ ਕਰੇਗਾ।
4. ਯਿਸੂ ਸਿੱਧ ਜੀਵਨ ਜੀ ਕੇ ਅਤੇ ਪ੍ਰਮੇਸ਼ਵਰ ਪਿਤਾ ਦੇ ਪ੍ਰਤੀ ਆਪਣੀ ਆਗਿਆਕਾਰਿਤਾ ਦੇ ਰਾਹੀਂ ਸਾਡਾ ਸਿੱਧ ਮੁਕਤੀਦਾਤਾ ਬਣਿਆ।
5. ਅਸੀਂ ਉਹੀ ਬਣ ਜਾਂਦੇ ਹਾਂ ਜੋ ਵੇਖਦੇ ਰਹਿੰਦੇ ਹਾਂ। ਮਸੀਹੀ ਲੋਕ ਜ਼ਿੰਦਗੀ ਬਸਰ ਕਰਨ ਲਈ ਨਮੂਨੇ ਦੇ ਰੂਪ ਵਿਚ ਮਸੀਹ ਦੀ ਜ਼ਿੰਦਗੀ ਵੱਲ ਵੇਖਦੇ ਹਨ। ਉਹ ਆਪਣੇ ਸਿੱਧ ਜੀਵਨ ਨਾਲ ਹਮੇਸ਼ਾ ਉਨ੍ਹਾਂ ਦੀ ਰਹਿਨੁਮਾਈ ਕਰਦਾ ਹੈ।
6. ਸਾਨੂੰ ਹਲੀਮੀ ਅਤੇ ਸੇਵਾ ਵਿਚ ਮਸੀਹ ਦੇ ਨਮੂਨੇ ਦਾ ਪਾਲਣ ਕਰਨਾ ਚਾਹੀਦਾ ਹੈ।
7. ਹਰ ਤਰੀਕੇ ਨਾਲ ਇਕ ਦੂਜੇ ਦੀ ਸੇਵਾ ਕਰਕੇ ਮਸੀਹੀ ਲੋਕ ''ਇਕ ਦੂਜੇ ਦੇ ਪੈਰ ਧੋਂਦੇ ਹਨ।''

## ਕਲੀਸੀਆ ਵਿਚ ਦਾਖਲ ਹੋਣਾ

*(ਇਸ ਦੇ ਪ੍ਰਸ਼ਨ ਅਧਿਆਇ 16 ਵਿਚ ਦਿੱਤੇ ਗਏ ਹਨ)*

1. ਪ੍ਰਭੂ ਦੀ ਕਲੀਸੀਆ ਦਾ ਬੇਸ਼ਕੀਮਤੀ ਮੁੱਲ ਇਸ ਦੇ ਰੱਬੀ ਸਰੋਤ, ਇਸ ਦੇ ਬੇਸ਼ਕੀਮਤੀ ਮੁੱਲ ਅਤੇ ਇਸ ਦੇ ਮਹਾਨ ਗੁਣਾਂ ਵਿਚ ਵਿਖਾਇਆ ਗਿਆ ਹੈ।
2. ਹਾਂ, ਪ੍ਰਭੂ ਵੱਲੋਂ ਦਿੱਤੇ ਗਏ ਹੁਕਮ ਦੀਆਂ ਸ਼ਰਤਾਂ ਅੱਜ ਵੀ ਸਾਡੇ ਤੇ ਲਾਗੂ ਹਨ। ਇਹ ਦੁਨੀਆਂ ਦੇ ਅਖ਼ੀਰ ਤਕ ਰਹਿਣਗੀਆਂ (ਮੱਤੀ 28:18-20)।
3. ਅਸੀਂ ਉਵੇਂ ਨਹੀਂ ਬਚਾਏ ਜਾ ਸਕਦੇ ਜਿਵੇਂ ਸਲੀਬ ਉਤਲਾ ਡਾਕੂ ਬਚਾਇਆ ਗਿਆ ਸੀ, ਕਿਉਂਕਿ ਉਹ ਡਾਕੂ ਸ਼ਰ੍ਹਾ ਦੇ ਅਧੀਨ ਮਰਿਆ ਸੀ। ਹੁਣ ਜਦ ਕਿ ਮਸੀਹ ਸਾਡੇ ਲਈ ਮਰ ਗਿਆ ਹੈ, ਸਾਡੇ ਲਈ ਉਹਦੇ ਵੱਲੋਂ ਦਿੱਤਾ ਗਿਆ ਹੁਕਮ ਮੰਨਣਾ ਜ਼ਰੂਰੀ ਹੈ।
4. ਅੱਜ ਮਸੀਹ ਦੀ ਕਲੀਸੀਆ ਦੇ ਲੋਕ ਬਣਨ ਲਈ, ਵਿਸ਼ਵਾਸ ਕਰਨਾ, ਤੌਬਾ ਕਰਨਾ, ਮਸੀਹ ਦਾ ਇਕਰਾਰ ਕਰਨਾ ਅਤੇ ਬਪਤਿਸਮਾ ਲੈਣਾ ਜ਼ਰੂਰੀ ਹੈ (ਰਸੂਲਾਂ ਦੇ ਕੰਮ 2:38, 47)।

5. ਬਚਾਏ ਹੋਏ ਲੋਕਾਂ ਨੂੰ ਪ੍ਰਭੂ ਦੀ ਕਲੀਸੀਆ ਵਿਚ ਇਨਸਾਨ ਨਹੀਂ ਸਗੋਂ ਪ੍ਰਮੇਸ਼ਵਰ ਹੀ ਮਿਲਾਉਂਦਾ ਹੈ।
6. ਜਦ ਕੋਈ ਮਸੀਹੀ ਬਣਨ ਲਈ ਉਹੀ ਕੁਝ ਕਰਦਾ ਹੈ ਹੋ ਲੋਕਾਂ ਨੇ ਰਸੂਲਾਂ ਦੇ ਕੰਮ ਨਾਮਕ ਕਿਤਾਬ ਵਿਚ ਕੀਤਾ, ਤਾਂ ਪ੍ਰਮੇਸ਼ਵਰ ਉਹਦੇ ਲਈ ਵੀ ਉਹੀ ਕਰੇਗਾ ਜੋ ਉਹਨੇ ਉਨ੍ਹਾਂ ਲਈ ਕੀਤਾ ਸੀ ਜਿਨ੍ਹਾਂ ਨੇ ਰਸੂਲਾਂ ਦੇ ਕੰਮ ਕਿਤਾਬ ਵਿਚ ਉਹਦੀ ਇੱਛਾ ਨੂੰ ਪੂਰਾ ਕੀਤਾ।
7. ਮਸੀਹੀ ਬਣਨ ਲਈ ਜੋ ਕੁਝ ਰਸੂਲਾਂ ਦੇ ਕੰਮ 2 ਅਧਿਆਇ ਵਿਚ ਲੋਕਾਂ ਨੇ ਕੀਤਾ, ਉਹੀ ਕਰਕੇ ਖੁਸ਼ਖ਼ਬਰੀ ਦੀ ਗੱਲ ਮੰਨੀ ਜਾ ਸਕਦੀ ਹੈ। ਯਕੀਨ ਕੀਤਾ ਜਾ ਸਕਦਾ ਹੈ ਕਿ ਪ੍ਰਮੇਸ਼ਵਰ ਦੇ ਵਾਅਦੇ ਪੱਕੇ ਹਨ।
8. ਹਾਂ, ਬਚਾਏ ਜਾਣ ਦੀਆਂ ਪ੍ਰਭੂ ਦੀਆਂ ਸ਼ਰਤਾਂ ਨੂੰ ਵਿਗਾੜਿਆ ਜਾਂਦਾ ਹੈ, ਤਾਂ ਬੜਾ ਨੁਕਸਾਨ ਹੁੰਦਾ ਹੈ। ਇਨ੍ਹਾਂ ਸ਼ਰਤਾਂ ਨੂੰ ਮੰਨੇ ਬਗੈਰ ਅਤੇ ਪ੍ਰਭੂ ਦੀ ਯੋਜਨਾ ਵਿਚ ਇਨ੍ਹਾਂ ਦੇ ਮਹੱਤਵ ਨੂੰ ਵੇਖੇ ਬਗੈਰ ਯਿਸੂ ਦੇ ਹੁਕਮ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਸਕਦਾ।

## ਕਲੀਸੀਆ ਦੀ ਏਕਤਾ

*(ਇਸ ਦੇ ਪ੍ਰਸ਼ਨ ਅਧਿਆਇ 17 ਵਿਚ ਦਿੱਤੇ ਗਏ ਹਨ)*

1. ਕਲੀਸੀਆ ਦੀ ਏਕਤਾ ਰਾਹਤ ਦੇਣ ਵਾਲੀ ਹੈ ਕਿਉਂਕਿ ਇਹ ਮਸੀਹ ਵਿਚ ਵਿਸ਼ਵਾਸ ਨੂੰ ਵਧਾਉਂਦੀ ਹੈ। ਇਹ ਚੰਗੀ ਹੈ ਕਿਉਂਕਿ ਮਸੀਹ ਨੇ ਇਹਦੇ ਲਈ ਦੁਆ ਕੀਤੀ ਸੀ।
2. ਸਲੀਬ ਤੇ ਚੜ੍ਹਾਏ ਜਾਣ ਤੋਂ ਪਹਿਲਾਂ ਮਸੀਹ ਨੇ ਵਿਸ਼ਵਾਸੀਆਂ ਦੀ ਏਕਤਾ ਲਈ ਦੁਆ ਕੀਤੀ।
3. ਪੌਲੁਸ ਨੇ ਯਿਸੂ ਮਸੀਹ ਦਾ ਵਾਸਤਾ ਦੇ ਕੇ ਏਕਤਾ ਲਈ ਮਿੰਨਤ ਕੀਤੀ।
4. ਮਸੀਹੀ ਲੋਕ ਮਸੀਹ ਦੇ ਨਾਲ ਅਤੇ ਇਕ ਦੂਜੇ ਨਾਲ, ਪਰਿਵਾਰ ਦੇ ਜੀਆਂ ਵਾਂਗ ਇਕ ਹੋ ਗਏ ਸਨ।
5. ਜਦ ਕੋਈ ਮਸੀਹ ਵਿਚ ਬਪਤਿਸਮਾ ਲੈਂਦਾ/ਲੈਂਦੀ ਹੈ ਤਾਂ ਉਹ ਦੂਜੇ ਮਸੀਹੀਆਂ ਨਾਲ ਇਕ ਹੋ ਜਾਂਦਾ/ਜਾਂਦੀ ਹੈ।
6. ਕਲੀਸੀਆ ਸਿੱਖਿਆ ਅਤੇ ਵਿਸ਼ਵਾਸ ਵਿਚ ਇਕ ਹੈ। ਹਰ ਕਿਸੇ ਨੂੰ ਜੋ ਮਸੀਹ ਦੀ ਦੇਹ ਵਿਚ ਆਉਂਦਾ ਹੈ ਏਕਤਾ ਪਵਿੱਤਰ ਆਤਮਾ ਵੱਲੋਂ ਦਿੱਤੀ ਜਾਂਦੀ ਹੈ, ਪਰ ਉਸ ਏਕਤਾ ਨੂੰ ਬਣਾਏ ਰੱਖਣ ਦਾ ਢੰਗ ਬਾਈਬਲ ਦੀਆਂ ਸਿੱਖਿਆਵਾਂ ਨੂੰ ਮੰਨਣਾ ਹੈ।
7. ਏਕਤਾ ਮਸੀਹ ਦੀ ਇੱਛਾ ਨੂੰ ਮੰਨਣ ਨਾਲ ਆਉਂਦੀ ਹੈ।
8. ਬਾਈਬਲ ਦੀ ਗੱਲ ਮੰਨਣ ਲਈ ਹਰ ਮਸੀਹੀ ਦੀ ਦਿਲਚਸਪੀ ਨਾਲ ਸਿੱਖਿਆ ਵਿਚ ਏਕਤਾ ਆਉਂਦੀ ਹੈ, ਜਦ ਕਿ ਰੋਜ਼ਾਨਾ ਜ਼ਿੰਦਗੀ ਵਿਚ ਏਕਤਾ ਇਕ ਦੂਜੇ ਦੀ ਦਿਲਚਸਪੀ ਨਾਲ ਆਉਂਦੀ ਹੈ। ਕਲੀਸੀਆ ਨੂੰ ਇਨ੍ਹਾਂ ਦੋਹਾਂ ਦੀ ਲੋੜ ਹੈ।
9. ਏਕਤਾ ਬਣਾਏ ਰੱਖਣ ਲਈ ਮਸੀਹੀ ਲੋਕਾਂ ਲਈ ਜ਼ਰੂਰੀ ਹੈ ਕਿ ਉਹ ਪ੍ਰੇਮ ਅਤੇ ਕਿਰਪਾ ਨਾਲ ਭਾਈਆਂ ਅਤੇ ਭੈਣਾਂ ਦਾ ਧਿਆਨ ਰੱਖਣ। ਆਪਣੇ ਵਿਚਾਰਾਂ ਅਤੇ ਇੱਛਾਵਾਂ ਦੀ ਪਰਵਾਹ ਨਾ ਕਰਦਿਆਂ, ਕੁਝ ਵੀ ਸੁਆਰਥ ਭਾਵਨਾ ਨਾਲ ਨਹੀਂ ਕਰਨਾ ਚਾਹੀਦਾ।

## ਹਮੇਸ਼ਾ ਦਾ ਇਨਾਮ ਅਤੇ ਸਜ਼ਾ

*(ਇਸ ਦੇ ਪ੍ਰਸ਼ਨ ਅਧਿਆਇ 18 ਵਿਚ ਦਿੱਤੇ ਗਏ ਹਨ)*

1. ਪ੍ਰਮੇਸ਼ਵਰ ਪ੍ਰੇਮੀ, ਦਿਆਲੂ ਅਤੇ ਧੀਰਜਵਾਨ ਹੈ, ਪਰ ਉਹ ਕ੍ਰੋਧ ਕਰਨ ਵਾਲਾ ਅਤੇ ਬਦਲਾ ਲੈਣ ਵਾਲਾ ਪ੍ਰਮੇਸ਼ਵਰ ਵੀ ਹੈ। ਪ੍ਰਮੇਸ਼ਵਰ ਰਹਿਮ ਦਿਲ ਵੀ ਹੈ ਅਤੇ ਸਖ਼ਤ ਵੀ।
2. ਦੁਸ਼ਟਾਂ ਨੂੰ ਅਨੰਤ ਕਾਲ ਲਈ ਕਦੇ ਨਾ ਖ਼ਤਮ ਹੋਣ ਵਾਲੀ ਸਜ਼ਾ ਲਗਾਤਾਰ ਮਿਲੇਗੀ। ਪ੍ਰਕਾਸ਼ ਦੀ ਪੋਥੀ 14:11 ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦੀ ਤਕਲੀਫ਼ ''ਜੁੱਗੋ ਜੁੱਗ'' ਰਹੇਗੀ।

3. ਜਿਨ੍ਹਾਂ ਨੂੰ ਨਰਕ ਵਿਚ ਭੇਜਿਆ ਜਾਵੇਗਾ, ਉਹ ਪ੍ਰਮੇਸ਼ਵਰ ਤੋਂ ਦੂਰ ਕੀਤੇ ਜਾਣਗੇ, ਜਿੱਥੇ ਉਹ ਸ਼ੈਤਾਨ ਅਤੇ ਉਹਦੇ ਦੂਤਾਂ ਨਾਲ ਅੱਗ ਅਤੇ ਗੰਧਕ ਦੀ ਤਕਲੀਫ਼ ਸਹਿੰਦਿਆਂ, ਬਾਹਰ ਦੇ ਹਨ੍ਹੇਰੇ ਵਿਚ, ਪ੍ਰਮੇਸ਼ਵਰ ਦੇ ਬਦਲੇ ਦਾ ਕਸ਼ਟ ਭੋਗਣਗੇ।
4. ਪੌਲੁਸ ਨੇ ਉਨ੍ਹਾਂ ਨੂੰ ਕਠੋਰ ਅਤੇ ਤੌਬਾ ਨਾ ਕਰਨ ਵਾਲੇ ਦਿਲ ਵਾਲੇ ਕਿਹਾ, ਜੋ ਪ੍ਰਮੇਸ਼ਵਰ ਨੂੰ ਨਹੀਂ ਜਾਣਦੇ ਅਤੇ ਸਚਿਆਈ ਨੂੰ ਨਹੀਂ ਮੰਨਦੇ।
5. ਸਾਡਾ ਸਭ ਤੋਂ ਵੱਡਾ ਮਕਸਦ ਸਵਰਗ ਵਿਚ ਪਹੁੰਚਣਾ ਅਤੇ ਨਰਕ ਦੇ ਖ਼ੌਫ ਤੋਂ ਬਚਣਾ ਹੋਣਾ ਚਾਹੀਦਾ ਹੈ।
6. ਜੋ ਲੋਕ ਪੁਰਾਣੇ ਨੇਮ ਦੇ ਅਧੀਨ ਸਨ ਉਨ੍ਹਾਂ ਨੂੰ ਲੰਮੀ ਉਮਰ ਅਤੇ ਖ਼ੁਸ਼ਹਾਲੀ ਦੇ ਨਾਲ ਨਾਲ ਕਨਾਨ ਦੀ ਧਰਤੀ ਦੇਣ ਦਾ ਵਾਅਦਾ ਕੀਤਾ ਗਿਆ ਸੀ। ਮਸੀਹੀ ਲੋਕਾਂ ਨੂੰ ਹਮੇਸ਼ਾ ਤਕ ਰਹਿਣ ਲਈ ਇਕ ਥਾਂ ਦੇਣ ਦਾ ਵਾਅਦਾ ਕੀਤਾ ਗਿਆ ਹੈ
7. ''ਸਵਰਗ'' ਸ਼ਬਦ ਤਿੰਨ ਵੱਖ-ਵੱਖ ਖੇਤਰਾਂ ਨੂੰ ਸੰਬੋਧਿਤ ਕਰਨ ਲਈ ਵਰਤਿਆ ਜਾਂਦਾ ਹੈ: (1) ਅਕਾਸ਼ ਜਿੱਥੇ ਬੱਦਲ ਹਨ ਅਤੇ ਪੰਛੀ ਉੱਡਦੇ ਹਨ, (2) ਤਾਰਿਆਂ ਅਤੇ ਸੌਰਮੰਡਲ ਨਾਲ ਭਰਿਆ ਸੰਸਾਰ ਅਤੇ (3) ਪ੍ਰਮੇਸ਼ਵਰ ਦਾ ਨਿਵਾਸ ਸਥਾਨ।
8. ਉੱਥੇ ਸੂਰਜ, ਚੰਨ ਜਾਂ ਕੋਈ ਹੋਰ ਰੌਸ਼ਨੀ ਨਹੀਂ ਹੋਵੇਗੀ ਕਿਉਂਕਿ ਪ੍ਰਮੇਸ਼ਵਰ ਹੀ ਸਾਡੀ ਰੌਸ਼ਨੀ ਹੋਵੇਗਾ। ਸਾਨੂੰ ਸੰਸਾਰਕ ਭੋਜਨ ਦੀ ਲੋੜ ਨਹੀਂ ਹੋਵੇਗੀ, ਕਿਉਂਕਿ ਜ਼ਿੰਦਗੀ ਦੇ ਰੁੱਖ ਤਕ ਸਾਡੀ ਪਹੁੰਚ ਹੋਵੇਗੀ।
9. ਜੋ ਲੋਕ ਪ੍ਰਮੇਸ਼ਵਰ ਦੀ ਇੱਛਾ ਨੂੰ ਪੂਰਾ ਕਰਦੇ ਹਨ, ਉਹ ਸਵਰਗ ਵਿਚ ਜਾਣਗੇ।

## ਤੌਬਾ

*(ਇਸ ਦੇ ਪ੍ਰਸ਼ਨ ਅਧਿਆਇ 19 ਵਿਚ ਦਿੱਤੇ ਗਏ ਹਨ)*

1. ਮਰਨ ਦੇ ਬਾਅਦ, ਅਮੀਰ ਆਦਮੀ ਦੀਆਂ ਤਰਜੀਹਾਂ ਬਦਲ ਗਈਆਂ। ਹੁਣ ਉਹਨੂੰ ਆਪਣੀ ਆਤਮਾ ਦੀ ਸਥਿਤੀ ਅਤੇ ਆਪਣੇ ਭਾਈਆਂ ਦੀ ਆਤਮਿਕ ਸਥਿਤੀ ਦੀ ਫ਼ਿਕਰ ਹੋਣ ਲੱਗੀ ਸੀ।
2. ''ਤੌਬਾ'' ਇਕ ਬੁਨਿਆਦੀ ਸ਼ਬਦ ਹੈ ਕਿਉਂਕਿ ਸਿਰਫ਼ ਉਹੀ ਲੋਕ ਮਸੀਹੀ ਬਣ ਸਕਦੇ ਹਨ ਜਿਨ੍ਹਾਂ ਨੇ ਤੌਬਾ ਕਰ ਲਈ ਹੈ। ਅਸਲ 'ਚ ਸੱਚੀ ਤੌਬਾ ਨਾਲ ਹੀ ਹਮੇਸ਼ਾ ਦੀ ਜ਼ਿੰਦਗੀ ਦਾ ਬੂਹਾ ਖੁੱਲ੍ਹਦਾ ਹੈ।
3. ਯਹੂਦਾ ਦੇ ਪਛਤਾਵੇ (ਮੱਤੀ 27:3) ਤੋਂ ਪਤਾ ਲਗਦਾ ਹੈ ਕਿ ਤੌਬਾ ਨਿਰ੍ਹੇ ਪਛਤਾਵੇ ਨਾਲੋਂ ਕਿਤੇ ਵਧਕੇ ਹੈ। ਯਹੂਦਾ ਪਛਤਾਇਆ ਤਾਂ ਜ਼ਰੂਰ ਕਿ ਉਹਨੇ ਯਿਸੂ ਨੂੰ ਫੜਵਾਇਆ, ਪਰ ਉਹਨੇ ਤੌਬਾ ਨਹੀਂ ਕੀਤੀ ਸੀ।
4. ਪ੍ਰਮੇਸ਼ਵਰ ਯੋਗ ਉਦਾਸੀ ਪਹਿਲਾਂ ਹੁੰਦੀ ਹੈ ਅਤੇ ਇਹ ਤੌਬਾ ਨੂੰ ਜਨਮ ਦਿੰਦੀ ਹੈ। ਪ੍ਰਮੇਸ਼ਵਰ ਯੋਗ ਉਦਾਸੀ ਪ੍ਰਕ੍ਰਿਆ ਦਾ ਇਕ ਹਿੱਸਾ ਹੈ, ਪਰ ਇਹ ਆਪਣੇ ਆਪ ਵਿਚ ਤੌਬਾ ਨਹੀਂ ਹੈ।
5. ਸੌਲੁਸ ਨੇ ਇੱਛਾ ਨੂੰ ਮਜ਼ਬੂਤੀ ਨਾਲ ਬਦਲਿਆ ਜਿਸ ਨਾਲ ਉਹਦੀ ਤੌਬਾ ਸਾਫ਼ ਨਜ਼ਰ ਆਈ। ਉਹਨੇ ਮਸੀਹ ਦੀ ਕਲੀਸੀਆ ਨੂੰ ਸਤਾਉਣਾ ਬੰਦ ਕਰਕੇ ਆਪਣਾ ਪੂਰਾ ਜੀਵਨ ਯਿਸੂ ਨੂੰ ਦੇ ਦਿੱਤਾ।
6. ਪੌਲੁਸ ਨੇ ਥੱਸਲੁਨੀਕੀਆਂ ਦੀ ਤਰੀਫ਼ ਕੀਤੀ ਕਿਉਂਕਿ ਤੌਬਾ ਕਰਕੇ ਉਹ ''ਮੂਰਤੀਆਂ ਨੂੰ ਛੱਡ ਕੇ ਪ੍ਰਮੇਸ਼ਵਰ ਦੀ ਵੱਲ ਮੁੜੇ ਭਈ ਸੱਚੇ ਪ੍ਰਮੇਸ਼ਵਰ ਦੀ ਸੇਵਾ'' ਕਰਨ (1 ਥੱਸਲੁਨੀਕੀਆਂ 1:9)। ਉਨ੍ਹਾਂ ਨੇ ਵਿਖਾਇਆ ਕਿ ਤੌਬਾ ਪਾਪ ਤੋਂ ਮੁੜਨਾ ਹੀ ਨਹੀਂ ਸਗੋਂ ਪ੍ਰਮੇਸ਼ਵਰ ਵੱਲ ਮੁੜਨਾ ਵੀ ਹੈ।
7. ਤੌਬਾ ਸਿਰਫ਼ ਪਾਪਾਂ ਦੇ ਇਕਰਾਰ ਨਾਲੋਂ ਵਧਕੇ ਹੈ ਕਿਉਂਕਿ ਪਾਪ ਤੋਂ ਮੁੜਨ ਦੇ ਨਾਲ ਮਸੀਹ ਵੱਲ ਮੁੜਨਾ ਵੀ ਜ਼ਰੂਰੀ ਹੈ। ਕਈ ਲੋਕ ਸੋਚਦੇ ਹਨ ਕਿ ਕਿਸੇ ਬੰਦੇ ਸਾਹਮਣੇ ਪਾਪਾਂ ਦਾ

ਇਕਰਾਰ ਕਰਨਾ ਤੌਬਾ ਹੀ ਹੈ। ਆਪਣੇ ਪਾਪਾਂ ਨੂੰ ਮੰਨਣਾ ਜ਼ਰੂਰੀ ਹੈ (ਯਾਕੂਬ 5:16) ਪਰ ਪਾਪ ਭਰੀ ਜ਼ਿੰਦਗੀ ਛੱਡਣਾ ਵੀ ਜ਼ਰੂਰੀ ਹੈ।

8. ਪਵਿੱਤਰ ਲਿਖਤ ਮੁਤਾਬਕ ਪ੍ਰਮੇਸ਼ਵਰ ਦੀ ਭਲਿਆਈ, ਇਨਾਮ ਦਾ ਵਾਅਦਾ ਅਤੇ ਸਜ਼ਾ ਦਾ ਡਰ ਤੌਬਾ ਕਰਨ ਦੇ ਤਿੰਨ ਪ੍ਰੇਰਕ ਹਨ।

## ਤੁਸੀਂ ਯਿਸੂ ਨੂੰ ਕੀ ਕਰੋਗੇ?

*(ਇਸ ਦੇ ਪ੍ਰਸ਼ਨ ਅਧਿਆਇ 20 ਵਿਚ ਦਿੱਤੇ ਗਏ ਹਨ)*

1. ਸਵਰਗ ਵਾਸਤੇ ਰਾਹ ਯਿਸੂ ਹੀ ਹੈ, ਇਸ ਲਈ ਉਸ ਨੂੰ ਦਿੱਤੇ ਗਏ ਸਾਡੇ ਜਵਾਬ ਤੋਂ ਇਹ ਤੈਅ ਹੋਵੇਗਾ ਕਿ ਅਸੀਂ ਅਨੰਤ ਕਾਲ ਦਾ ਸਮਾਂ ਕਿੱਥੇ ਗੁਜ਼ਾਰਾਂਗੇ।
2. ਨਵਜੰਮਿਆਂ ਅਤੇ ਛੋਟੇ ਬੱਚਿਆਂ ਨੂੰ ਬਪਤਿਸਮਾ ਲੈਣ ਦੀ ਲੋੜ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਇਹ ਸਮਝ ਨਹੀਂ ਹੈ ਕਿ ਪਾਪ ਕੀ ਹੈ।
3. ਬਪਤਿਸਮਾ ਪਾਪਾਂ ਦੀ ਮਾਫ਼ੀ ਲਈ ਹੈ।
4. ਨਵੇਂ ਨੇਮ ਦੀ ਕਲੀਸੀਆ ਨੂੰ ਪਛਾਣਨ ਲਈ, ਪੁੱਛੋ ਕਿ ''ਕੀ ਉਹ ਨਵੇਂ ਨੇਮ ਦੀ ਕਲੀਸੀਆ ਬਣਨ ਦੀ ਕੋਸ਼ਿਸ਼ ਕਰ ਰਹੇ ਹਨ?''; ''ਕੀ ਉਹ ਹਰ ਐਤਵਾਰ ਪ੍ਰਭੂ ਭੋਜ ਵਿਚ ਹਿੱਸਾ ਲੈਂਦੇ ਹਨ?''; ''ਕੀ ਉਹ ਬਗੈਰ ਸਾਜ਼ਾਂ ਦੇ ਗਾਉਂਦੇ ਹਨ?''; ''ਕੀ ਉਹ ਯਿਸੂ ਦੇ ਨਾਮ ਵਿਚ ਪ੍ਰਾਰਥਨਾ ਕਰਦੇ ਹਨ?''; ''ਕੀ ਉਹ ਹਰ ਐਤਵਾਰ ਆਪਣੀ ਕਮਾਈ ਵਿੱਚੋਂ ਦਿੰਦੇ ਹਨ?''; ''ਉਹ ਸੰਗਠਿਤ ਕਿਵੇਂ ਹਨ?''; ''ਕੀ ਧਰਤੀ ਤੇ ਉਨ੍ਹਾਂ ਦਾ ਕੋਈ ਮੁੱਖ ਦਫ਼ਤਰ ਹੈ?''; ''ਉਨ੍ਹਾਂ ਦਾ ਮਿਸ਼ਨ ਕੀ ਹੈ?''
5. ਰੋਮੀਆਂ 6:4 ਤੋਂ ਸਾਨੂੰ ਪਤਾ ਲਗਦਾ ਹੈ ਕਿ ਬਪਤਿਸਮਾ ਪਾਣੀ ਵਿਚ ਦਫ਼ਨਾਏ ਜਾਣਾ ਹੈ।
6. ਮਸੀਹੀ ਵਿਅਕਤੀ ਦੇ ਜੀਵਨ ਨੂੰ ਸੰਖੇਪ ਵਿਚ ਦੱਸਣ ਦਾ ਵਧੀਆ ਤਰੀਕਾ ਇਹ ਹੈ ਕਿ ਉਹਨੇ ਮਸੀਹ ਵਿਚ ਬਪਤਿਸਮਾ ਲਿਆ ਹੈ ਅਤੇ ਉਹ ਮਸੀਹ ਦਾ ਚੇਲਾ ਹੈ।
7. ਮਸੀਹੀ ਵਿਅਕਤੀ ਪ੍ਰਮੇਸ਼ਵਰ ਦੇ ਵਚਨ ਦੇ ਨੇੜੇ ਰਹਿੰਦਾ ਹੈ ਤਾਂ ਜੋ ਉਹ ਪ੍ਰਮੇਸ਼ਵਰ ਦੇ ਪ੍ਰਤੀ ਮਸੀਹ ਦੀ ਸੱਚੀ ਆਗਿਅਕਾਰਿਤਾ ਦੀ ਨਕਲ ਕਰ ਸਕੇ।
8. ਹਰ ਐਤਵਾਰ ਅਰਥਾਤ ਪ੍ਰਭੂ ਦੇ ਦਿਨ, ਮਸੀਹੀ ਲੋਕ ਗਾ ਕੇ, ਪ੍ਰਾਰਥਨਾ ਕਰਕੇ, ਪ੍ਰਮੇਸ਼ਵਰ ਦੇ ਵਚਨ ਦਾ ਅਧਿਐਨ ਕਰਕੇ, ਪ੍ਰਭੂ ਭੋਜ ਵਿਚ ਭਾਗ ਲੈ ਕੇ ਅਤੇ ਆਪਣੀ ਕਮਾਈ ਵਿੱਚੋਂ ਦੇ ਕੇ ਪ੍ਰਮੇਸ਼ਵਰ ਦੀ ਬੰਦਗੀ ਇਕੱਠੇ ਹੋ ਕੇ ਕਰਦੇ ਹਨ।
9. ਪ੍ਰਭੂ ਭੋਜ ਵਿਚ ਯਿਸੂ ਨੇ ਅਖ਼ਮੀਰੀ ਰੋਟੀ ਅਤੇ ਦਾਖ ਦੇ ਰਸ ਅਰਥਾਤ ਅੰਗੂਰ ਦੇ ਰਸ ਦੀ ਵਰਤੋਂ ਕੀਤੀ।
10. ਮਸੀਹੀ ਬਣਨ ਅਤੇ ਮਸੀਹੀ ਬਣ ਕੇ ਜੀਉਣ ਲਈ ਜ਼ਰੂਰੀ ਹੈ ਕਿ (1) ਮਸੀਹ ਦੇ ਕੋਲ ਆਓ, (2) ਉਹਦੇ ਨਾਲ ਜੀਣਾ ਸ਼ੁਰੂ ਕਰੋ, (3) ਲਗਾਤਾਰ ਦੂਜੇ ਮਸੀਹੀਆਂ ਨਾਲ ਬੰਦਗੀ ਕਰੋ, (4) ਦੂਜਿਆਂ ਦੀ ਸੇਵਾ ਕਰਨਾ ਸ਼ੁਰੂ ਕਰ ਦਿਓ।